ਸਰੋਵਰ ਦੀ ਕਾਰ ਸੇਵਾ ਕੀਤੀ

ਭਵਾਨੀਗੜ੍ਹ, 21 ਫਰਵਰੀ (ਲਖਵਿੰਦਰ ਪਾਲ ਗਰਗ)-ਗੁਰਦੁਆਰਾ ਦੇਸੀਆਣਾ ਸਾਹਿਬ ਘਰਾਚੋਂ ਦੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਬਾਬਾ ਮਹਿੰਦਰ ਸਿੰਘ ਤਰਨ ਤਾਰਨ ਵਾਲੇ, ਬਾਬਾ ਕ੍ਰਿਪਾਲ ਸਿੰਘ ਕਾਰ ਸੇਵਾ ਵਾਲੇ, ਬਾਬਾ ਅਮਰੀਕ ਸਿੰਘ ਬੁੱਢਾ ਦਲ ਵਾਲਿਆ ਨੇ ਟੱਕ ਲਗਾ ਕੇ ਸ਼ੁਰੂ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਿਰਮਲ ਸਿੰਘ ਘਰਾਚੋਂ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਰ ਸੇਵਾ ਵਾਲਿਆਂ ਬਾਬਿਆਂ ਨੇ ਵਧੀਆ ਸਰੋਵਰ ਤੇ ਗੁਰੂ ਘਰਾਂ ਦੀਆਂ ਵਧੀਆ ਇਮਾਰਤਾਂ ਪੰਜਾਬ ਵਿੱਚ ਹੀ ਨਹੀਂ ਬਲਕਿ ਪੂਰੇ ਦੇਸ਼ ਤੋਂ ਇਲਾਵਾ ਬਾਹਰਲੇ ਦੇਸ਼ਾਂ ਵਿੱਚ ਵੀ ਬਣਾ ਕਿ ਸਿੱਖੀ ਦੀ ਅਲੱਗ ਪਹਿਚਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਇਹ ਸਰੋਵਰ ਕੁਝ ਹੀ ਸਮੇਂ 'ਚ ਬਣ ਕੇ ਤਿਆਰ ਹੋ ਜਾਵੇਗਾ ਅਤੇ ਜਿਸ ਵਿਅਕਤੀ ਵੱਲੋਂ ਸਰੋਵਰ ਦੀ ਚੱਲ ਰਹੀ ਕਾਰ ਸੇਵਾ 'ਚ ਯੋਗਦਾਨ ਪਾਇਆ ਜਾਵੇਗਾ। ਉਸ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕ ਗੁਰੂ ਘਰ ਦੇ ਗ੍ਰੰਥੀ ਬਾਬਾ ਕੇਹਰ ਸਿੰਘ, ਇੰਦਰਜੀਤ ਸਿੰਘ ਤੂਰ, ਬਲਦੇਵ ਸਿੰਘ ਕੱਕੜਵਾਲੀਆ, ਗਿਆਨੀ ਗੁਰਦਿੱਤ ਸਿੰਘ ਆਲੋਅਰਥ, ਮੈਨੇਜਰ ਨਰਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

6ਵਾਂ ਸੱਭਿਆਚਾਰਕ ਮੇਲਾ ਤੇ ਸਨਮਾਨ ਸਮਾਰੋਹ 25 ਨੂੰ

ਭਵਾਨੀਗੜ੍ਹ, 21 ਫਰਵਰੀ (ਲਖਵਿੰਦਰ ਪਾਲ ਗਰਗ)-ਪੇਂਡੂ ਸੱਭਿਆਚਾਰਕ ਮੰਚ (ਰਜਿ.) ਘਰਾਚੋਂ ਵੱਲੋਂ 25 ਫਰਵਰੀ ਨੂੰ ਅਨਾਜ ਮੰਡੀ ਵਿਖੇ ਸ੍ਰ. ਸੁਖਦੇਵ ਸਿੰਘ ਢੀਂਡਸਾ ਦੀ ਯੋਗ ਰਹਿਨੁਮਾਈ 'ਚ 6ਵਾਂ ਸੱਭਿਆਚਾਰਕ ਮੇਲਾ ਤੇ ਸਨਮਾਨ ਸਮਾਰੋਹ ਕਰਵਾਇਆ ਜਾ ਰਿਹਾ ਹੈ, ਜਿਸ ਸੰਬੰਧੀ ਸਥਾਨਕ ਸ਼ਹਿਰ ਵਿਖੇ ਰੱਖੇ ਇੱਕ ਸਮਾਰੋਹ ਦੌਰਾਨ ਸਾਬਕਾ ਕੇਂਦਰੀ ਮੰਤਰੀ ਤੇ ਸ਼੍ਰੋਮਣੀ ਅਕਾਲੀ ਦੇ ਸਕੱਤਰ ਜਨਰਲ ਸ੍ਰ. ਸੁਖਦੇਵ ਸਿੰਘ ਢੀਂਡਸਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਪੇਂਡੂ ਸੱਭਿਆਚਾਰਕ ਮੰਚ ਦਾ ਪੋਸਟਰ ਰਿਲੀਜ਼ ਕੀਤਾ। ਇਸ ਮੌਕੇ ਸ੍ਰ. ਢੀਂਡਸਾ ਨੇ ਪੇਂਡੂ ਸੱਭਿਆਚਾਰ ਮੰਚ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਉੱਚਾ ਚੁੱਕਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪੇਂਡੂ ਸੱਭਿਆਚਾਰਕ ਮੰਚ ਦੇ ਪ੍ਰਧਾਨ ਸ੍ਰ. ਮਨਜੀਤ ਸਿੰਘ ਸੋਢੀ ਨੇ ਕਰਵਾਏ ਜਾ ਰਹੇ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਉਹ ਪੰਜ ਸੱਭਿਆਚਾਰਕ ਮੇਲੇ ਕਰਵਾ ਚੁੱਕੇ ਹਨ। ਜਿਨ੍ਹਾਂ ਵਿੱਚ ਮੰਚ ਦੁਆਰਾ ਉੱਚ ਕੋਟੀ ਦੀਆਂ ਸਖਸ਼ੀਅਤਾਂ ਤੋਂ ਇਲਵਾ ਕਾਰਗਿਲ 'ਚ ਸ਼ਹੀਦ ਹੋਏ ਨੌਜਵਾਨਾਂ ਦੇ ਪਰਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰ ਚੁੱਕੇ ਹਨ। ਹੁਣ ਉਨ੍ਹਾਂ ਵੱਲੋਂ 6ਵਾਂ ਸੱਭਿਆਚਾਰਕ ਮੇਲਾ ਪਿੰਡ ਘਰਾਚੋਂ ਦੀ ਅਨਾਜ ਮੰਡੀ ਵਿਖੇ 25 ਫਰਵਰੀ, ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਜਿਨ੍ਹਾਂ ਦੇ ਨਾਲ ਸ੍ਰ. ਸੁਖਦੇਵ ਸਿੰਘ ਢੀਂਡਸਾ, ਕੈਪਨਿਟ ਮੰਤਰੀ ਪਰਮਿੰਦਰ ਸਿੰਘ, ਸ੍ਰ. ਗੁਰਬਚਨ ਸਿੰਘ ਬਚੀ ਏ. ਐੱਮ ਬਿਜਲੀ ਬੋਰਡ, ਹਲਕਾ ਇੰਚਾਰਜ ਬਾਬੂ ਪ੍ਰਕਾਸ਼ ਚੰਦ ਗਰਗ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਇਸ ਮੌਕੇ ਮੰਚ ਵੱਲੋਂ ਸੰਤ ਬਲਵੀਰ ਸਿੰਘ ਸੀਚੇਵਾਲ, ਅਜੀਤ ਦੇ ਸੰਪਾਦਕ ਸ੍ਰ. ਬਰਜਿੰਦਰ ਸਿੰਘ ਹਮਦਰਦ, ਹਲਕਾ ਇੰਚਾਰਜ ਬਾਬੂ ਪ੍ਰਕਾਸ਼ ਚੰਦ ਗਰਗ, ਸ. ਗੁਲਜ਼ਾਰ ਇੰਦਰ ਸਿੰਘ ਚਹਿਲ, ਫਿਲਮੀ ਅਦਾਕਾਰ ਪ੍ਰੀਤੀ ਸਪਰੂ, ਡਾ. ਹਰਸ਼ਿੰਦਰ ਕੌਰ, ਸ੍ਰੀਮਤੀ ਸੁਨੀਤਾ ਸ਼ਰਮਾ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸੱਭਿਆਚਾਰਕ ਮੇਲੇ 'ਚ ਫਿਲਮੀ ਕਲਾਕਾਰ ਯੋਗਰਾਜ ਸਿੰਘ, ਮੁਹੰਮਦ ਸਦੀਕ, ਬੀਬਾ ਸੁਖਜੀਤ ਕੌਰ, ਸੁਰਿੰਦਰ ਛਿੰਦਾ, ਬਲਕਾਰ ਸਿੱਧੂ, ਹਾਕਮ ਬਖਤਜੀ ਵਾਲਾ, ਬੀਬਾ ਦਲਜੀਤ ਕੌਰ ਤੋਂ ਇਲਾਵਾ ਕਮੇਡੀ ਕਿੰਗ ਭਗਵੰਤ ਮਾਨ, ਭਜਨਾ ਅਮਲੀ, ਗੋਲਡੀ ਬਾਵਾ, ਫਕੀਰ ਚੰਦ ਪਤੰਗਾ, ਮਿੰਟੂ ਧੂਰੀ ਆਦਿ ਲੋਕ ਗਾਇਕ ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਇਸ ਸਮਾਰੋਹ ਦੌਰਾਨ ਪੇਂਡੂ ਸੱਭਿਆਚਾਰਕ ਮੰਚ ਵੱਲੋਂ ਸਥਾਨਕ ਸ਼ਹਿਰ ਦੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਮੰਚ ਵੱਲੋਂ ਇਲਾਕਾ ਨਿਵਾਸੀਆਂ ਨੂੰ ਇਸ ਮੇਲੇ 'ਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਇਸ ਮੌਕੇ ਗੁਰਬਚਨ ਸਿੰਘ ਬਚੀ ਏ.ਐੱਮ. ਬਿਜਲੀ ਬੋਰਡ, ਹਲਕਾ ਇੰਚਾਰਜ ਬਾਬੂ ਪ੍ਰਕਾਸ਼ ਚੰਦ ਗਰਗ, ਗੋਪਾਲ ਸ਼ਰਮਾ, ਰਘਬੀਰ ਸਿੰਘ ਘਰਾਚੋਂ ਮੈਂਬਰ ਮਾਰਕਿਟ ਕਮੇਟੀ, ਹਰਦੀਪ ਸਿੰਘ ਸੋਢੀ, ਦਲਜੀਤ ਸਿੰਘ ਆਦਿ ਤੋਂ ਇਲਾਵਾ ਸੱਭਿਆਚਾਰਕ ਮੰਚ ਦੇ ਮੈਂਬਰ ਹਾਜ਼ਰ ਸਨ।

ਪੰਜਾਬ ਕਾਲਜ ਆੱਫ ਐਜੂਕੇਸ਼ਨ ਚੂੰਨੀ ਕਲ੍ਹਾਂ ਵਿਖੇ ਐਲੂਮੀਨਸ ਮੀਟ ਦਾ ਆਯੋਜਨ

ਫਤਿਹਗੜ੍ਹ ਸਾਹਿਬ 21 ਫਰਵਰੀ : (ਬਹਾਦਰ ਸਿੰਘ ਮਾਨ) :- ਪੰਜਾਬ ਕਾਲਜ ਆੱਫ ਐਜੂਕੇਸ਼ਨ ਚੂੰਨੀ ਕਲ੍ਹਾਂ ਵਿਖੇ ਐਲੂਮੀਨਸ ਮੀਟ ਦਾ ਆਯੋਜਿਨ ਕਾਲਜ ਕੈਂਪਸ 'ਚ ਕੀਤਾ ਗਿਆ। ਜਿਸ ਵਿਚ ਕਾਲਜ ਦੇ ਸੈਸ਼ਨ 2005 ਤੋਂ ਲੈ ਕੇ 2009 ਤੱਕ ਦੇ ਵਿੱਦਿਆਰਥੀਆਂ ਨੂੰ ਬੁਲਾਇਆ ਗਿਆ। ਇਸ ਮੀਟਿੰਗ ਦਾ ਮੁੱਖ ਉਦੇਸ਼ ਵਿੱਦਿਆਰਥੀਆਂ ਦਾ ਆਪਸੀ ਮੇਲ-ਮਿਲਾਪ ਅਤੇ ਆਪਣੇ ਅਧਿਆਪਕ ਸਾਹਿਬਾਨਾਂ ਨਾਲ ਗੱਲਬਾਤ ਕਰਨ ਦਾ ਮੌਕਾ ਪ੍ਰਦਾਨ ਕਰਨਾ ਸੀ। ਇਸ ਮੌਕੇ ਤੇ ਕਾਲਜ ਦੇ ਹੁਣ ਤੱਕ ਦੇ ਸਾਰੇ ਪੁਰਾਣੇ ਵਿੱਦਿਆਰਥੀ ਬੜੇ ਉਤਸ਼ਾਹ ਨਾਲ ਪਹੁੰਚੇ। ਇਸ ਮੌਕੇ ਵਿੱਦਿਆਰਥੀਆਂ ਦਾ ਕਾਲਜ ਦੇ ਚੇਅਰਮੈਨ ਸ. ਨਿਰਮਲ ਸਿੰਘ, ਤੇ ਪ੍ਰਿੰਸੀਪਲ ਡਾ. ਬੇਅੰਤਜੀਤ ਕੌਰ ਸਵਾਗਤ ਕਰਦਿਆਂ ਜੀ ਆਇਆ ਆਖਿਆ। ਆਪਣੇ ਸੰਬੋਧਨ ਦੌਰਾਨ ਪ੍ਰਿਸੀਪਲ ਡਾ. ਬੇਅੰਤਜੀਤ ਕੌਰ ਨੇ ਕਿਹਾ ਕਿ ਵਿੱਦਿਆਰਥੀ ਇਸ ਕਾਲਜ ਦਾ ਅਭਿੰਨ ਅਤੇ ਅਟੁੱਟ ਅੰਗ ਹਨ ਤੇ ਕਾਲਜ ਦੇ ਚੇਅਰਮੈਨ ਸ. ਨਿਰਮਲ ਸਿੰਘ ਨੇ ਕਿਹਾ ਕਿ ਇਸ ਸੰਸਥਾ ਨੂੰ ਸਾਰੇ ਵਿੱਦਿਆਰਥੀਆਂ ਦੇ ਸਹਿਯੋਗ ਤੇ ਸੁਝਾਵਾਂ ਦੀ ਹਮੇਸ਼ਾ ਜ਼ਰੂਰਤ ਰਹੇਗੀ ਤਾਂ ਕਿ ਇਹ ਸੰਸਥਾ ਦਿਨ ਦੁਗਣੀ ਰਾਤ ਚੌਗੁਣੀ ਉਨੱਤੀ ਕਰਦੀ ਰਹੇ। ਇਸ ਮੌਕੇ ਤੇ ਵੱਖ ਵੱਖ ਸੈਸ਼ਨਾਂ ਵਿਚ ਪਹਿਲਾ ਦੂਜਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿੱਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਤੇ ਐਲੂਮੀਨਸ ਐਸੋਸੀਏਸ਼ਨ ਵੀ ਬਣਾਈ ਗਈ। ਅਤੇ ਇਸ ਦੇ ਅਧਿਕਾਰੀਆਂ ਦੀ ਚੋਣ ਕੀਤੀ ਗਈ। ਇਸ ਉਰਪੰਤ ਵਿੱਦਿਆਰਥੀਆਂ ਨੇ ਕਾਲਜ ਵਿਚ ਬਿਤਾਏ ਦਿਨਾਂ ਅਤੇ ਆਪਣੀ ਜ਼ਿੰਦਗੀ ਦੇ ਖੱਟੇ ਮਿੱਠੇ ਅਨੁਭਵਾਂ ਨੂੰ ਇਕ ਦੂਜੇ ਨਾਲ ਸਾਂਝਾ ਕੀਤਾ। ਇਸ ਦੇ ਨਾਲ ਹੀ ਕਾਲਜ ਵਿੱਦਿਆਰਥੀਆ ਲਈ ਰੰਗਾ ਰੰਗ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ।

ਅੱਖਾਂ ਦੀ ਦੇਖਭਾਲ ਸੰਬੰਧੀ ਸੈਮੀਨਾਰ ਆਯੋਜਿਤ

ਗਿੱਦੜਬਾਹਾ, 21 ਫਰਵਰੀ (ਰਾਜੀਵ ਬਾਂਸਲ)-ਇੱਥੋਂ ਦੇ ਮਾਤਾ ਸਾਹਿਬ ਕੌਰ ਨਰਸਿੰਗ ਇੰਸਟੀਚਿਊਟ ਵਿੱਚ ਅੱਖਾਂ ਦੀ ਦੇਖ ਭਾਲ ਸੰਬੰਧੀ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਾ. ਯੁਵਰਾਜ ਮਾਰਕਨ ਪਟਿਆਲਾ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਬਹੁਤੇ ਲੋਕ ਧੂੜ ਅਤੇ ਪ੍ਰਦੂਸ਼ਣ ਕਾਰਨ ਹੀ ਅੱਖਾਂ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਦੂਜਾ ਵੱਡਾ ਕਾਰਨ ਖੁਰਾਕ ਅਤੇ ਸਫਾਈ ਦੀ ਕਮੀ ਹੈ। ਉਨ੍ਹਾਂ ਕਾਲਜ ਦੀਆਂ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੜ੍ਹਨ ਸਮੇਂ ਸਿਰਦਰਜ ਦੀ ਸ਼ਿਕਾਇਤ ਹੁੰਦੀ ਹੋਵੇ ਤਾਂ ਵੀ ਨਿਗਾਹ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਲੋੜਵੰਦ ਵਿਦਿਆਰਥੀਆਂ ਦੀ ਸਹਾਇਤਾ

ਹਰੀਕੇ ਪੱਤਣ, 21 ਫਰਵਰੀ (ਰਵਿੰਦਰ ਸਿੰਘ)-ਸਰਕਾਰੀ ਐਲੀਮੈਂਟਰੀ ਸਕੂਲ ਹਰੀਕੇ ਪੱਤਣ ਦੇ ਸਕੂਲ ਵਿੱਚ ਅੱਜ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਦੇ ਤਹਿਤ ਸਕੂਲ ਦੇ 20 ਗਰੀਬ ਬੱਚਿਆਂ ਨੂੰ 40 ਵਰਦੀਆਂ, ਬੂਟ, ਜੁਰਾਬਾਂ ਤੇ ਅਡੈਂਟੀ ਕਾਰਡ ਦੀ ਵੰਡ ਸਕੂਲ ਦੀ ਪਸਵਕ ਕਮੇਟੀ ਦੇ ਚੇਅਰਮੈਨ ਸ੍ਰੀ ਮਨੋਹਰ ਲਾਲ ਬਿੱਟਾ ਹਰੀਕੇ ਪੱਤਣ ਨੇ ਕੀਤੀ। ਇਸ ਮੌਕੇ ਏ.ਆਈ.ਈ. ਸੈਂਟਰ ਦੇ ਸੰਚਾਲਕ ਸ੍ਰੀ ਬਲਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ੍ਰੀ ਬਿੱਟਾ ਦੇ ਨਾਲ ਮਾਸਟਰ ਓਮ ਪ੍ਰਕਾਸ਼ ਹੈੱਡ ਟੀਚਰ ਸ੍ਰੀ ਰਾਮ ਲਾਲ, ਸਕੱਤਰ ਗੁਰਿੰਦਰ ਸਿੰਘ, ਮੈਡਮ ਮੋਨਿਕਾ, ਟੀਚਰ ਅਮਰਜੀਤ ਸਿੰਘ, ਟੀਚਰ ਸੁਰਿੰਦਰ ਸਿੰਘ ਆਦਿ ਨੇ ਭਾਗ ਲਿਆ।

ਬਾਬਾ ਬਾਲਾ ਜੀ ਅਤੇ ਸ੍ਰੀ ਸ਼ਾਮ ਖਾਟੂ ਵਾਲਿਆਂ ਨੇ ਮਿਲ ਕੇ ਝੰਡਾ ਪਹਿਲੀ ਵਾਰ ਫਿਰੋਜ਼ਪੁਰ ਵਿੱਚ ਕੱਢਿਆ

ਫਿਰੋਜ਼ਪੁਰ, 21 ਫਰਵਰੀ (ਜੀ.ਐੱਸ. ਕਾਲੜਾ)-ਸ੍ਰੀ ਮਹਿੰਦੀਪੁਰ ਬਾਲਾ ਜੀ ਸੇਵਾ ਸੰਘ ਫਿਰੋਜ਼ਪੁਰ ਛਾਉਣੀ ਦੇ ਸਕੱਤਰ ਸ੍ਰੀ ਰੋਹਿਤ ਭਗਤ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਫਿਰੋਜ਼ਪੁਰ ਛਾਉਣੀ ਵਿੱਚ ਪਹਿਲੀ ਵਾਰ ਬਾਲਾ ਜੀ ਸੇਵਾ ਸੰਘ ਅਤੇ ਸ਼ਾਮ ਖਾਟੂ ਵਾਲਿਆਂ ਨੇ ਮਿਲ ਕੇ ਫਿਰੋਜ਼ਪੁਰ ਛਾਉਣੀ ਦੇ ਛੋਟੇ ਹਨੂੰਮਾਨ ਮੰਦਿਰ ਤੋਂ ਦੁਪਹਿਰ 2 ਵਜੇ ਝੰਡਾ ਕੱਢਿਆ, ਜੋ ਛਾਉਣੀ ਦੇ ਤਮਾਮ ਬਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਵਾਪਸ 8 ਵਜੇ ਰਾਤ ਮੰਦਿਰ ਪਹੁੰਚਿਆ। ਬਜ਼ਾਰਾਂ, ਵਿੱਚ ਜਗ੍ਹਾ-ਜਗ੍ਹਾ ਸੰਗਤਾਂ ਦੇ ਸੁਆਗਤ ਲਈ ਲੰਗਰ, ਚਾਹ, ਮਿਠਾਈਆਂ ਅਤੇ ਫਰੂਟ ਵੰਡਿਆ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਉੱਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬੁਲੰਦ ਸ਼ਹਿਰ ਤੋਂ ਝਾਕੀਆ ਮੰਗਵਾਈਆਂ ਗਈਆਂ। ਜਿਸ ਦੇ ਇੰਚਾਰਜ ਸ੍ਰੀ ਸ਼ਾਮ ਮੰਦਿਰ ਕਮੇਟੀ ਦੇ ਸ੍ਰੀ ਸੁਮਿਤ ਗਰਗ ਅਤੇ ਸੰਜੇ ਗੁਪਤਾ ਨੇ ਪੂਰੀ ਤਨਦੇਹੀ ਨਾਲ ਸੇਵਾ ਨਿਭਾਈ। ਵਿਸ਼ੇਸ਼ ਤੌਰ 'ਤੇ ਬਾਬਾ ਬਾਲਾ ਜੀ ਅਤੇ ਸ਼ਾਮ ਬਾਬਾ ਦੇ ਗੁਣਗਾਨ ਕਰਨ ਲਈ ਪੰਕਜ ਮਦਾਨ, ਸੰਜੇ ਗੁਪਤਾ, ਯਸ਼ਪਾਲ ਸ਼ਰਮਾ ਨੇ ਪ੍ਰਭੂ ਗੁਣਗਾਨ ਗਾ ਕੇ ਸੰਗਤਾਂ ਅਤੇ ਸ਼ਰਧਾਲੂਆਂ ਦਾ ਮਨ ਮੋਹ ਲਿਆ। ਇਸ ਮੌਕੇ ਸਰਪ੍ਰਸਤ ਸ੍ਰੀ ਰਾਕੇਸ਼ ਵਸ਼ਿਸ਼ਟ, ਪ੍ਰਧਾਨ ਸ੍ਰੀ ਯਸ਼ਪਾਲ ਸ਼ਰਮਾ, ਉਪ ਪ੍ਰਧਾਨ ਸ੍ਰੀ ਬਲਦੇਵ ਰਾਜ ਮਦਾਨ ਆਦਿ ਮੌਜੂਦ ਸਨ। ਸ੍ਰੀ ਰੋਹਿਤ ਭਗਤ ਨੇ ਦੱਸਿਆ ਕਿ ਫਿਰੋਜ਼ਪੁਰ ਵਿੱਚ ਇਹ ਪਹਿਲੀ ਵਾਰ ਹੋਇਆ ਹੈ। ਝਾਕੀਆਂ ਦੀ ਸੁੰਦਰਤਾ ਅਤੇ ਲਾਈਟ ਦਾ ਪ੍ਰਬੰਧ ਦੇਖਣ ਯੋਗ ਸੀ। ਲੋਕਾਂ ਵਿੱਚ ਭਾਰੀ ਉਤਸ਼ਾਹ ਸੀ। ਬਾਬਾ ਬਾਲਾ ਜੀ ਸੇਵਾ ਸੰਘ ਦਾ ਮੁੱਖ ਮੰਤਵ ਲੋਕਾਂ ਅਤੇ ਜ਼ਰੂਰਤਮੰਦਾਂ ਦੀ ਸੇਵਾ ਕਰਨਾ ਅਤੇ ਗਊ ਗਰੀਬ ਦੀ ਰੱਖਿਆ ਕਰਨਾ ਹੈ। ਇਸ ਝੰਡਾ ਸ਼ੋਭਾ ਯਾਤਰਾ ਵਿੱਚ ਸ੍ਰੀ ਸ਼ਾਮ ਨਟਵਰ ਮੰਡਲ ਅਤੇ ਸ੍ਰੀ ਖਾਟੂ ਸ਼ਾਮ ਨਟਵਰ ਮੰਡਲ ਨੇ ਵਿਸ਼ੇਸ਼ ਸਹਿਯੋਗ ਦਿੱਤਾ।

ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ

ਜ਼ੀਰਾ, 21 ਫਰਵਰੀ (ਤਰਸੇਮ ਖੁਰਾਣਾ)-ਜ਼ੀਰਾ ਨਜ਼ਦੀਕ ਪੈਂਦੇ ਪਿੰਡ ਕਟੋਰਾ ਵਿਖੇ ਆਈ.ਪੀ.ਸੀ. ਚਰਚ ਵਿੱਚ ਮਸੀਹ ਭਾਈਚਾਰੇ ਦੀ ਹੰਗਾਮੀ ਮੀਟਿੰਗ ਸੱਤਪਾਲ ਮਸੀਹ ਪ੍ਰਧਾਨ ਚਰਚ ਕਮੇਟੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਬਿੱਲੂ ਮਸੀਹ ਤਰਸੇਮ ਮਸੀਹ, ਸਿੰਦਰ ਮਸੀਹ, ਬਸ਼ੀਰ ਮਸੀਹ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਮਸੀਹ ਭਾਈਚਾਰੇ ਦੇ ਲੋਕਾਂ ਹਿੱਸਾ ਲਿਆ। ਮੀਟਿੰਗ ਵਿੱਚ ਬੀਤੇ ਦਿਨੀਂ ਜਲੰਧਰ ਵਿਖੇ ਈਸਾ ਮਸੀਹ ਦੇ ਚਿੱਤਰ ਲਗਾ ਕੇ ਉਨ੍ਹਾਂ ਦੇ ਹੱਥ ਵਿੱਚ ਸਿਗਰਟ ਅਤੇ ਬੀਅਰ ਕੈਨ ਫੜਾਏ ਜਾਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇਸ ਮੌਕੇ ਸੱਤਪਾਲ ਮਸੀਹ ਨੇ ਕਿਹਾ ਕਿ ਇਹ ਸ਼ਰਾਰਤ ਜਾਣਬੁੱਝ ਕੇ ਮਾਹੌਲ ਖਰਾਬ ਕਰਨ ਲਈ ਕੀਤੀ ਗਈ ਹੈ।

ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਹਰ ਖਿਡਾਰੀ ਨੂੰ ਉਤਸ਼ਾਹਿਤ ਕਰਨਾ ਸਾਡਾ ਮੁੱਖ ਧਰਮ-ਪੁਰੇਵਾਲ

(ਸਫ਼ਾ 8 ਦਾ ਬਾਕੀ)

ਵਾਲੇ) ਕਰ ਰਹੇ ਹਨ। ਪਹਿਲਵਾਨਾਂ ਨੂੰ ਸਾਰਾ ਸਾਲ ਬਦਾਮਾਂ ਦੀ ਸੇਵਾ ਟੁੱਟ ਭਰਾ ਪਰਾਗਪੁਰ ਵਾਲੇ ਕਰ ਰਹੇ ਹਨ। ਪੁਰੇਵਾਲ ਕੁਸ਼ਤੀ ਅਖਾੜੇ ਵਿਚ ਜ਼ਿਲ੍ਹਿਆਂ ਦੇ ਬੱਚਿਆਂ ਦੇ ਕੁਸ਼ਤੀਆਂ ਦੇ ਕੈਂਪ ਵੀ ਲਾਏ ਜਾਂਦੇ ਹਨ। ਜੋ ਖਿਡਾਰੀ ਪੁਰੇਵਾਲ ਰੈਸਲਿੰਗ ਅਕੈਡਮੀ ਹਕੀਮਪੁਰ ਦੇ ਪ੍ਰਾਪਤੀਆਂ ਕਰਨਗੇ ਉਨ੍ਹਾਂ ਨੂੰ ਇਹ ਇਨਾਮ ਦਿੱਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸਾਡੇ ਅਖਾੜੇ ਦੀਆਂ ਅਨੇਕਾਂ ਉਪਜਾਂ ਤੇ ਪ੍ਰਾਪਤੀਆਂ ਹਨ। ਜਿਹਨਾਂ 'ਚ ਰਵੀ ਸੋਢੀ, ਸ਼ੀਰਾ ਪਹਿਲਵਾਨ, ਨਸੀਦ ਪਹਿਲਵਾਨ, ਰਾਜੀ ਗੁਲ ਤੇ ਪੈਰੀ ਪੁਰੇਵਾਲ ਖਾਸ ਤੌਰ 'ਤੇ ਸ਼ਾਮਲ ਹਨ। ਸਾਡੇ ਕਲੱਬ ਦੀ ਵੱਡੀ ਪ੍ਰਾਪਤੀ ਹੈ ਨਾਈਜ਼ੀਰੀਆ ਦਾ ਡੇਨੀਅਲ, ਜਦੋਂ ਨਾਈਜੀਰੀਆ ਵੱਲੋਂ ਕੈਨੇਡਾ ਵਿਖੇ ਕੁਸ਼ਤੀ ਲੜਿਆ ਤਾਂ ਉਸਦਾ ਗਿਆਰਵਾਂ ਨੰਬਰ ਸੀ ਤੇ ਜਦੋਂ ਉਹ ਸਾਡੇ ਅਖਾੜੇ 'ਚ ਸਿੱਖ ਕੇ ਕੁਸ਼ਤੀ ਲੜਿਆ ਤਾਂ ਉਸ ਨੇ 1998 ਵਿੱਚ ਵਰਲਡ ਚੈਂਪੀਅਨਸ਼ਿਪ ਜਿੱਤੀ ਤੇ ਫਿਰ 2000 ਵਿੱਚ ਉਲਪਿੰਕ ਖੇਡਾਂ ਵਿੱਚੋਂ ਗੋਲਡ ਮੈਡਲ ਹਾਸਲ ਕੀਤਾ।

ਭਾਰਤੀ ਕੁਸ਼ਤੀ ਦੀ ਸ਼ਾਨ-ਨਵਜੋਤ ਕੌਰ

(ਸਫ਼ਾ 8 ਦਾ ਬਾਕੀ)

10+2 ਕਰਨ ਤੋਂ ਬਾਅਦ ਬੀੜ ਬਾਬਾ ਬੁੱਢਾ ਸਾਹਿਬ ਝਬਾਲ ਵਿਖੇ ਬੀ.ਏ. ਵਿੱਚ ਦਾਖਲਾ ਲੈ ਲਿਆ। ਖੇਡਾਂ ਦਾ ਸ਼ੌਕ ਉਸਨੂੰ ਬਚਪਨ ਤੋਂ ਹੀ ਸੀ। ਇਹ ਸ਼ੌਕ ਉਸਦੀ ਰੂਹ ਵਿਚ ਰਚਿਆ ਹੋਇਆ ਸੀ। ਉਹ ਆਪਣੇ ਖੇਡ ਖੇਤਰ ਵਿਚ ਲਗਾਤਾਰ ਲਗਨ ਤੇ ਸ਼ਿੱਦਤ ਨਾਲ ਵਿਚਰ ਰਹੀ ਹੈ। ਪਿਤਾ ਜੀ ਦੀ ਤਮੰਨਾ ਅਨੁਸਾਰ ਕੁਸ਼ਤੀ ਦੀ ਖੇਡ ਵਿੱਚ ਪੈਰ ਧਰਨ ਵਾਲੀ ਨਵਜੋਤ ਕੌਰ ਅਸ਼ੋਕ ਕੁਮਾਰ ਤਰਨਤਾਰਨ ਦੀ ਸ਼ਗਿਰਦ ਹੈ। ਨਵਜੋਤ ਦੀਆਂ ਪ੍ਰਾਪਤੀਆਂ ਦੀ ਲਿਸਟ ਲੰਬੀ ਹੋ ਰਹੀ ਹੈ। ਉਸਦੀਆਂ ਪ੍ਰਾਪਤੀਆਂ ਦਾ ਕੁਝ ਸੰਖੇਪ ਵਰਣਨ ਕਰ ਰਹੇ ਹਾਂ।

ਨੈਸ਼ਨਲ ਜੂਨੀਅਰ ਚੈਂਪੀਅਨ 2007 ਵਿਚ ਸ੍ਰੀ ਨਗਰ (ਜੇ ਐਂਡ ਕੇ) ਵਿਚ, 2008 ਵਿੱਚ ਪੁਰੀ (ਉੜੀਸਾ), 2009 ਗੋਂਡਾਂ (ਯੂ.ਪੀ.) ਵਿਖੇ ਹਿੱਸਾ ਲਿਆ।

ਨੈਸ਼ਨਲ ਚੈਂਪੀਅਨਸ਼ਿਪ 2009 ਜੋ ਭੁਪਾਲ ਵਿਖੇ ਹੋਈ ਤਾਂਬੇ ਦਾ ਮੈਡਲ 63 ਕਿਲੋ ਭਾਰ ਵਿੱਚੋਂ ਪ੍ਰਾਪਤ ਕੀਤਾ। ਫਿਰ ਇੰਟਰਨੈਸ਼ਨਲ ਏਸ਼ੀਅਨ ਜੂਨੀਅਰ ਮਲੀਨਾਂ ਫਿਲਪਾਈਨ ਵਿਖੇ 2009 ਵਿੱਚ ਹੋਈ ਜਿਸ ਵਿੱਚ ਨਵਜੋਤ ਕੌਰ ਨੇ 67 ਕਿਲੋਗ੍ਰਾਮ ਭਾਰ ਵਿਚ ਗੋਲਡ ਮੈਡਲ ਜਿੱਤਿਆ ਫਿਰ ਵਰਲਡ ਚੈਂਪੀਅਨਸ਼ਿਪ ਉਂਕਾਰਾ ਤੁਰਕੀ ਵਿੱਚ 2009 ਵਿੱਚ ਹੋਈ ਜਿਸ ਵਿਚ ਤਾਂਬੇ ਦਾ ਮੈਡਲ ਜਿੱਤਿਆ। ਸ਼ਹੀਦ ਭਗਤ ਸਿੰਘ ਇੰਟਰਨੈਸ਼ਨਲ ਰੈਸਲਿੰਗ ਟੂਰਨਾਮੈਂਟ 2009 ਜਲੰਧਰ ਵਿਖੇ ਹੋਇਆ ਇਸ ਵਿੱਚ 63 ਕਿਲੋ ਭਾਰ ਵਿਚ ਸਿਲਵਲ ਮੈਡਲ ਜਿੱਤਿਆ। ਉਸਦੇ ਖੇਡ ਖੇਤਰ ਵਿੱਚ ਪਾਏ ਯੋਗਦਾਨ ਨੂੰ ਦੇਖਦੇ ਹੋਏ ਇਸ ਬਾਰੇ 21-22 ਫਰਵਰੀ 2010 ਨੂੰ ਦੁਆਬੇ ਦੇ ਇਤਿਹਾਸਿਕ ਪਿੰਡ ਹਕੀਮਪੁਰ ਵਿਖੇ ਪੁਰੇਵਾਲ ਭਰਾਵਾਂ ਮਲਕੀਤ ਸਿੰਘ ਪੁਰੇਵਾਲ, ਚਰਨ ਸਿੰਘ ਪੁਰੇਵਾਲ ਅਤੇ ਗੁਰਜੀਤ ਸਿੰਘ ਪੁਰੇਵਾਲ ਵੱਲੋਂ ਆਪਣੇ ਸਵ: ਪਿਤਾ ਹਰਬੰਸ ਸਿੰਘ ਪੁਰੇਵਾਲ ਜੀ ਦੀ ਯਾਦ ਵਿਚ ਕਰਵਾਏ ਜਾ ਰਹੇ 20ਵੇਂ ਪੁਰੇਵਾਲ ਖੇਡ ਮੇਲੇ ਉੱਤੇ ਰੈਸਲਰ ਨਵਜੋਤ ਕੌਰ ਨੂੰ ਮਾਤਾ ਸੁਰਜੀਤ ਕੌਰ ਯਾਦਗਾਰੀ ਐਵਾਰਡ ਜਿਸ ਵਿਚ 25,000 ਰੁਪਏ ਦੀ ਨਕਦ ਰਾਸ਼ੀ ਤੇ ਸਨਮਾਨ ਚਿੰਨ੍ਹ ਸ਼ਾਮਲ ਹੋਣਗੇ, ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਨਵਜੋਤ ਕੌਰ ਅਜੇ ਹੋਰ ਵੱਡੀਆਂ ਪ੍ਰਾਪਤੀਆਂ ਕਰਨਾ ਲੋਚਦੀ ਹੈ। ਉਸਦਾ ਨਿਸ਼ਾਨਾ ਵਿਸ਼ਵ ਚੈਂਪੀਅਨ ਬਣਨਾ ਹੈ। ਪ੍ਰਮਾਤਮਾ ਉਸਨੂੰ ਤੰਦਰੁਸਤੀ ਬਖ਼ਸ਼ੇ। ਸਮੂਹ ਪੰਜਾਬੀਆਂ ਦੀਆਂ ਸ਼ੁਭਕਾਮਨਾਵਾਂ ਉਸ ਨਾਲ ਹਨ। ਭਵਿੱਖ ਵਿੱਚ ਹੋਰ ਅੱਗੇ ਵਧੇ ਤੇ ਪੰਜਾਬਣਾਂ ਦਾ ਸਿਰ ਮਾਣ ਨਾਲ ਉੱਚਾ ਕਰੇ।

-ਵਰਿੰਦਰ ਸਿੰਘ (ਔਜਲਾ)
ਸੰਪਾਦਕ 'ਮਿਸ਼ਨ' ਮਾਸਿਕ

ਖੇਡਾਂ ਦੀ ਖੁਸ਼ਹਾਲੀ ਨੂੰ ਸਮਰਪਿਤ ਪੁਰੇਵਾਲ ਪਰਿਵਾਰ

(ਸਫ਼ਾ 8 ਦਾ ਬਾਕੀ)

ਨਾਲ ਯਾਦ ਕੀਤਾ ਜਾਂਦਾ ਹੈ ਤੇ ਕੀਤਾ ਜਾਂਦਾ ਰਹੇਗਾ।

ਮਲਕੀਤ ਸਿੰਘ ਪੁਰੇਵਾਲ

ਮਲਕੀਤ ਸਿੰਘ ਪੁਰੇਵਾਲ ਦਾ ਜਨਮ 4 ਨਵੰਬਰ 1943 ਨੂੰ ਮਾਤਾ ਸੁਰਜੀਤ ਕੌਰ ਅਤੇ ਪਿਤਾ ਸ੍ਰ. ਹਰਬੰਸ ਸਿੰਘ ਦੇ ਘਰ ਨਾਨਕੇ ਘਰ ਪਿੰਡ ਮਜਾਰੀ ਵਿੱਚ ਹੋਇਆ। ਮਲਕੀਤ ਸਿੰਘ ਦਾ ਸਰੀਰ ਬਚਪਨ ਤੋਂ ਬਹੁਤ ਹੂੰਦੜਹੇੜ ਸੀ। ਬਚਪਨ ਵਿੱਚ ਹੀ ਬਾਬਾ ਜੀ ਅਤੇ ਪਿਤਾ ਜੀ ਦੀ ਕ੍ਰਿਪਾ ਸਦਕਾ ਪਹਿਲਾ ਝੁਕਾਅ ਕੁਸ਼ਤੀਆਂ ਵੱਲ ਨੂੰ ਹੋ ਗਿਆ। ਬਜ਼ੁਰਗਾਂ ਦੀ ਕੋਸ਼ਿਸ਼ ਸੀ ਕਿ ਇਸ ਨੂੰ ਉਪਰਲੇ ਦਰਜੇ ਦਾ ਪਹਿਲਵਾਨ ਬਣਾਇਆ ਜਾਵੇ। ਸਰੀਰਕ ਪੱਖ ਤੋਂ ਤਕੜਾ ਹੋਣ ਕਰਕੇ ਪਿੰਡ ਦੇ ਇਲਾਕੇ ਦੇ ਮੁੰਡੇ ਕਬੱਡੀ ਵੱਲ ਨੂੰ ਵੀ ਖਿੱਚ ਲੈਂਦੇ। ਸਕੂਲਾਂ ਤੋਂ ਬਾਅਦ ਸਿੱਖ ਨੈਸ਼ਨਲ ਕਾਲਜ ਬੰਗਾ ਦਾਖਲ ਹੋ ਕੇ 1961-62-63 ਵਿੱਚ ਪੜ੍ਹਦਿਆਂ ਨੇ ਇੰਟਰਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। 1962 ਵਿੱਚ ਜਦੋਂ ਚੀਨ ਨਾਲ ਲੜਾਈ ਲੱਗੀ ਮਲਕੀਤ ਸਿੰਘ ਦੀ ਪੰਜਾਬ ਯੂਨੀਵਰਸਿਟੀ ਵਿੱਚੋਂ ਦੂਸਰੀ ਪੁਜ਼ੀਸ਼ਨ ਸੀ। ਕਿਉਂਕਿ ਇਸ ਟਾਈਮ ਪੰਜਾਬ ਯੂਨੀਵਰਸਿਟੀ ਬਹੁਤ ਵੱਡੀ ਸੀ ਇੱਕ ਜਾਟ ਮੁੰਡਾ ਬਹੁਤ ਤਕੜਾ ਸੀ। ਮਲਕੀਤ ਦੇ ਵੇਟ ਵਿੱਚ ਲੜਾਈ ਕਰੇ ਰੈਸਲਿੰਗ ਕੈਂਪ ਪੋਸਟ ਪੋਨ ਹੋ ਗਿਆ। ਮਲਕੀਤ ਦੇ ਪਿੰਡ ਆ ਕੇ ਸਾਰਾ ਪਰਿਵਾਰ ਇਸ ਦੇ ਬਾਰੇ ਸੋਚਣ ਲੱਗੇ ਹਵੇਲੀ ਵਿੱਚ ਹੀ ਅਖਾੜਾ ਬਣਾ ਲਿਆ ਫਿਰ ਦਿਨ-ਰਾਤ ਮੇਹਨਤ ਦਾ ਹੀ ਮਹੌਲ ਸੀ ਜ਼ੋਰ ਕਰਨ ਲਈ ਬਖਸ਼ੀ ਪਹਿਲਵਾਨ ਤੇ ਚਰਨ ਵੀਰ ਤੇ ਬਾਕੀ ਖੁਰਾਕ ਪੱਖੋਂ ਵੀ ਕੋਈ ਕਮੀ ਨਹੀਂ ਸੀ। ਇਨ੍ਹਾਂ ਲੜਾਈ ਦੇ ਤਿੰਨ ਮਹੀਨੇ ਮਗਰੋਂ ਦੁਬਾਰਾ ਕੰਮ ਸ਼ੁਰੂ ਹੋਇਆ ਤਾਂ ਉਹ ਵੀ ਜਾਟ ਮਲਕੀਤ ਅੱਗੇ ਇੱਕ ਮਿੰਟ ਵੀ ਖੜ ਨਾ ਸਕਿਆ ਆਪਣੇ ਆਪ ਕੰਮ ਛੱਡ ਕੇ ਤੀਸਰੇ ਦਿਨ ਚਲਾ ਗਿਆ ਇਸੇ ਸਾਲ ਮਲਕੀਤ ਨੇ ਸਾਰੇ ਇੰਡੀਆ ਦੇ ਕਾਲਜਾਂ ਦੇ ਪਹਿਲਵਾਨਾਂ ਨੂੰ ਜਿੱਤ ਕੇ ਇੰਟਰਯੂਨੀਵਰਸਿਟੀ ਚੈਂਪੀਅਨ ਬਣਿਆ। ਇਹਨਾਂ ਦਿਨਾਂ ਵਿੱਚ ਅਮਰੀਕ ਬਹਿਰਾਮ ਵਾਲਾ ਬੰਗਾ ਕਾਲਜ ਵਿੱਚ ਪੜ੍ਹਦਾ ਸੀ ਨੇ ਮਲਕੀਤ ਸਿੰਘ ਨੂੰ ਕਬੱਡੀ ਵੱਲ ਨੂੰ ਖਿੱਚ ਲਿਆ। ਹੌਲੀ-ਹੌਲੀ ਪੂਰਾ ਟਾਈਮ ਕਬੱਡੀ ਨੂੰ ਦੇਣ ਲੱਗ ਪਿਆ।

ਉਹਨਾਂ ਦਿਨਾਂ ਵਿੱਚ ਮਲਕੀਤ ਸਿੰਘ ਦੀ ਗੇਮ ਪੰਜਾਬੀ ਦੇ ਚੋਟੀ ਦੇ ਖਿਡਾਰੀਆਂ ਵਿੱਚ ਸੀ ਵੱਡੇ ਟੂਰਨਾਮੈਂਟ ਇਸ ਤਰ੍ਹਾਂ ਜਗਤਪੁਰ ਅਤੇ ਹੋਰ ਪੰਜਾਬ ਦੇ ਵੱਡੇ-ਵੱਡੇ ਟੂਰਨਾਮੈਂਟ ਵਿੱਚ ਭਾਗ ਲਿਆ ਅਤੇ ਖੇਡ ਦਾ ਲੋਹਾ ਮਨਵਾਇਆ। ਪੰਜਾਬ ਵਿੱਚ ਆਪਣੀ ਖੇਡ ਲਗਾਤਾਰ 7-8 ਸਾਲ ਖੇਡਣ ਤੋਂ ਬਾਅਦ ਕੈਨੇਡਾ 1970 ਵਿੱਚ ਆ ਗਏ। ਕੈਨੇਡਾ ਦੀ ਧਰਤੀ ਤੇ ਸਭ ਤੋਂ ਪਹਿਲੇ ਮੁੱਢਲੇ ਖਿਡਾਰੀਆਂ ਵਿੱਚ ਮਲਕੀਤ, ਚਰਨ ਦਾ ਨਾਂ ਆਉਂਦਾ ਹੈ। ਇਹਨਾਂ ਇੱਥੇ ਆ ਕੇ ਆਪਣੀ ਟੀਮ ਤਿਆਰ ਕੀਤੀ ਹੌਲੀ-ਹੌਲੀ ਕੈਨੇਡਾ ਦੀ ਧਰਤੀ ਤੇ ਵੀ ਟੂਰਨਾਮੈਂਟ ਹੋਂਦ ਵਿੱਚ ਆਉਣ ਲੱਗੇ। 5 ਸਾਲ ਕੈਨੇਡਾ ਵਿੱਚ ਕੰਮ ਕਰਕੇ ਨਾਲੇ ਆਪਣੀ ਗੇਮ ਨੂੰ ਟੌਪ ਤੇ ਰੱਖਿਆ। 1975-76 ਨੂੰ ਵਾਪਿਸ ਇੰਡੀਆ ਚਲੇ ਗਏ। ਉਥੇ ਛੋਟੇ ਵੀਰ ਗੁਰਜੀਤ ਦੀ ਗੇਮ ਨੂੰ ਹੋਰ ਸੁਧਾਰ ਲਿਆਉਣ ਵਿੱਚ ਮਦਦ ਕੀਤੀ। 1976 ਵਿੱਚ ਨਰਿੰਜਣ ਸਿੰਘ ਯਾਦਗਾਰੀ ਖੇਡ ਮੇਲੇ ਵਿੱਚ ਦੋਹਾਂ ਭਰਾਵਾਂ ਮਲਕੀਤ ਅਤੇ ਗੁਰਜੀਤ ਦੀ ਗੇਮ ਦੀ ਪੂਰੀ ਚੜ੍ਹਤ ਸੀ।

ਇਸੇ ਸਾਲ ਹਰਿਆਣੇ ਵਿੱਚ ਪੰਜਾਬ ਤੇ ਹਰਿਆਣਾ ਦੀ ਟੀਮ ਵਿਚਕਾਰ ਮੈਚ ਖੇਡਿਆ ਗਿਆ। ਜਿਸ ਵਿੱਚ ਦੋਨਾਂ ਭਰਾਵਾਂ ਨੇ ਸਿਖਰ ਦੀ ਖੇਡ ਵਿਖਾਈ। 1977 ਵਿੱਚ ਜਦੋਂ ਗੁਰਜੀਤ ਵੀ ਕੈਨੇਡਾ ਚਲਾ ਗਿਆ। ਮਲਕੀਤ ਚਰਨ ਤੇ ਗੁਰਜੀਤ ਦੋਨਾਂ ਦੀ ਪੂਰੀ ਤਿਆਰੀ ਕਰਦਾ। ਇਕ ਸਮਾਂ ਸੀ 1978-79 ਵਿੱਚ ਤਿੰਨੇ ਭਰਾ ਪੂਰੀ ਤਰ੍ਹਾਂ ਤਿਆਰ ਸਨ ਤਿੰਨਾਂ ਨੇ ਕੈਨੇਡਾ ਵੱਲੋਂ ਇੰਗਲੈਂਡ ਖੇਡਣ ਜਾਣਾ ਸੀ। ਦੇਸ-ਪ੍ਰਦੇਸ ਪੇਪਰ ਨੇ ਵੀ ਪਹਿਲਾਂ ਹੀ ਲਿਖ ਦਿੱਤਾ ਸੀ ਕਿ ਤਿੰਨੋਂ ਭਰਾ ਮਲਕੀਤ, ਚਰਨ, ਗੁਰਜੀਤ ਅਤੇ ਨਾਲ ਹਰਮਿੰਦਰ ਸਿੰਘ ਘੁੱਗਾ ਆ ਰਹੇ ਹਨ। ਜਾਣ ਤੋਂ ਇੱਕ ਹਫਤਾ ਪਹਿਲਾ ਪਿਤਾ ਜੀ ਸ੍ਰ. ਹਰਬੰਸ ਸਿੰਘ ਦੀ ਮੌਤ ਨਾਲ ਇਹ ਸੁਪਨਾ ਵੀ ਟੁੱਟ ਕੇ ਚਕਨਾ ਚੂਰ ਹੋ ਗਿਆ ਕਿ ਮਨ ਵਿੱਚ ਇੱਛਾ ਸੀ ਕਿ ਇੰਗਲੈਂਡ ਵਿੱਚ ਅਸੀਂ ਤਿੰਨੇ ਭਰਾ ਇਕੱਠੇ ਖੇਡਦੇ। ਕੈਨੇਡਾ ਵਿੱਚ ਤਾਂ ਬਹੁਤ ਮੈਚ ਇਕੱਠਿਆਂ ਨੇ ਖੇਡੇ। 1981 ਕਬੱਡੀ ਤੋਂ ਸੰਨਿਆਸ ਲੈ ਲਿਆ।

ਮਲਕੀਤ ਸਿੰਘ ਦੇ ਦੋਵੇਂ ਲੜਕੇ ਹਰਮਨ ਅਤੇ ਗੁਰਦਾਵਰ ਨੇ ਵੀ ਕਬੱਡੀ ਖੇਤਰ ਵਿੱਚ ਆਪਣਾ ਅਹਿਮ ਸਥਾਨ ਬਣਾਇਆ। ਕੈਨੇਡਾ ਦੀ ਕਬੱਡੀ ਟੀਮ ਦੀ ਰਹਿਨੁਮਾਈ ਕੀਤੀ ਹੈ। ਹਰਮਨ ਨੇ ਤਕੜੇ-ਤਕੜੇ ਕਬੱਡੀ ਦੇ ਰੇਡਰਾਂ ਨੂੰ ਡੱਕਿਆ।

ਚਰਨ ਸਿੰਘ ਪੁਰੇਵਾਲ

ਚਰਨ ਸਿੰਘ ਪੁਰੇਵਾਲ ਦਾ ਜਨਮ 1947 ਵਿੱਚ ਮਾਤਾ ਸੁਰਜੀਤ ਕੌਰ ਪਿਤਾ ਸ੍ਰੀ ਹਰਬੰਸ ਸਿੰਘ ਦੇ ਘਰ ਪਿੰਡ ਹਕੀਮਪੁਰ ਵਿਖੇ ਹੋਇਆ। ਛੋਟੇ ਹੁੰਦੇ ਦਾ ਹੀ ਸਰੀਰ ਖੁੱਲ੍ਹਾ-ਡੁੱਲ੍ਹਾ ਸੀ। ਵੱਡੇ ਵੀਰ ਮਲਕੀਤ ਸਿੰਘ ਨੂੰ ਦੇਖਕੇ ਨਾਲ ਉਸ ਦੀ ਟਰੇਨਿੰਗ ਕਰਾਉਂਦਾ-ਕਰਾਉਂਦਾ ਆਪ ਵੀ ਕਬੱਡੀ ਦਾ ਤਕੜਾ ਖਿਡਾਰੀ ਬਣ ਗਿਆ। ਕਾਲਜ ਪੜ੍ਹਦੇ ਨੇ ਕਈ ਸਾਲ ਬਹੁਤ ਤਕੜੇ-ਤਕੜੇ ਮੈਚ ਖੇਡੇ। ਇੱਕ ਵਾਰ ਜਗਤਪੁਰ ਦੇ ਖੇਡ ਮੇਲੇ ਵਿੱਚ ਨਛੱਤਰ ਢਾਡੀ ਫਿਰੋਜ਼ਪੁਰ ਜ਼ਿਲ੍ਹੇ ਦਾ ਬਹੁਤ ਤਕੜਾ ਜਾਫੀ ਸੀ। ਉਸਨੇ ਉਸ ਟਾਈਮ ਪੰਜਾਬ ਦੇ ਸਾਰੇ ਤਕੜੇ-ਤਕੜੇ ਖਿਡਾਰੀਆਂ ਨੂੰ ਫੜਿਆ ਪਰ ਚਰਨ ਉਸ ਤੋਂ ਇੱਕ ਵਾਰ ਵੀ ਫੜਿਆ ਨਹੀਂ ਗਿਆ। 1970 ਵਿੱਚ ਵੱਡੇ ਵੀਰ ਮਲਕੀਤ 3 ਮਹੀਨੇ ਮਗਰੋਂ ਹੀ ਕੈਨੇਡਾ ਚਲਾ ਗਿਆ। ਉਥੇ ਜਾ ਕੇ ਵੀਰ ਮਲਕੀਤ ਨਾਲ-ਨਾਲੇ ਦੋਨਾਂ ਨੇ ਮਿਲ ਵਿੱਚ ਕੰਮ ਕਰਨਾ ਨਾਲੇ ਹੱਥੋਂ ਪਾਈ ਹੁੰਦੇ ਰਹਿਣਾ ਕਿ ਸਰੀਰ ਦੀ ਮੇਹਨਤ ਹੁੰਦੀ ਰਹੇ। ਕੈਨੇਡਾ ਵਿੱਚ ਪਹਿਲੇ ਟੂਰਨਾਮੈਂਟ ਵਿੱਚ ਇਹਨਾਂ ਨੇ ਹੀ ਕਬੱਡੀ ਸ਼ੁਰੂ ਕੀਤੀ। 1975 ਵਿੱਚ ਪਹਿਲੇ ਕਬੱਡੀ ਟੂਰਨਾਮੈਂਟ ਵਿੱਚੋਂ ਚਰਨ ਨੂੰ ਸਭ ਤੋਂ ਤਕੜਾ ਰੇਡਰ ਐਲਾਨਿਆ ਗਿਆ। ਇਸ ਤੋਂ ਦੋ ਕੁ ਸਾਲ ਮਗਰੋਂ ਗੁਰਜੀਤ ਇੰਡੀਆ ਤੋਂ ਆ ਗਿਆ। 1980 ਵਿੱਚ ਫਾਰਮ ਦੇ ਕਾਰੋਬਾਰ ਦੇ ਨਾਲ ਮੇਹਨਤ ਵੀ ਪੂਰੀ ਕਰੀ ਜਾਣੀ। ਬਾਹਰ ਮਿਲ ਵਿੱਚ ਵੀ ਕੰਮ ਜਾਰੀ ਰੱਖਿਆ। 1981 ਵਿੱਚ ਕੈਨੇਡਾ ਵਿੱਚ ਇਸਟ ਇੰਡੀਅਨ ਡੀਫੈਂਸ ਕਮੇਟੀ ਵੱਲੋਂ ਕਰਾਏ ਗਏ ਅੰਤਰ ਰਾਸ਼ਟਰੀ ਕਬੱਡੀ ਵਿੱਚ ਜਿਸ ਵਿੱਚ ਪਾਕਿਸਤਾਨ ਇੰਡੀਆ ਤੋਂ ਕਬੱਡੀ ਦੀ ਇੰਗਲੈਂਡ ਤੇ ਅਮਰੀਕਾ ਤੋਂ 2 ਖਿਡਾਰੀ ਖੇਡਣ ਆਏ ਇਸ ਟੂਰਨਾਮੈਂਟ ਤਿੰਨਾਂ ਭਰਾਵਾਂ ਨੇ ਕੈਨੇਡਾ ਦੀ ਟੀਮ ਦੀ ਅਗਵਾਈ ਕੀਤੀ। ਬਹੁਤ ਹੀ ਮਾਣ ਵਾਲੀ ਗੱਲ ਸੀ ਕਿ ਇਕ ਦੇਸ ਦੀ ਟੀਮ ਨੂੰ ਤਿੰਨ ਭਰਾ ਲੀਡ ਕਰਨ। ਇਸ ਟੂਰਨਾਮੈਂਟ ਵਿੱਚ ਸਾਰੇ ਮੈਚ ਹੀ ਬਹੁਤ ਫਸਵੇਂ ਹੋਏ ਪਰ ਅਖੀਰਲਾ ਮੈਚ ਇੰਗਲੈਂਡ ਤੇ ਕੈਨੇਡਾ ਦਾ ਮੈਚ ਦੇਖਣਯੋਗ ਇੰਗਲੈਂਡ ਵੱਲੋਂ ਉਸ ਟਾਈਮ ਦੇ ਕੈਂਪ ਜਾਫੀ ਕੇਵਲ 4 ਭੱਜੀ ਖੇਰਾਂਵਾਲੀ ਸੁਰਜੀਤ ਸੈਦੋਵਾਲ ਇੱਕ ਸਿੰਘ ਵੀ ਸੀ ਇਸ ਮੈਚ ਵਿੱਚ ਵੱਧ ਭਰਾ ਮਲਕੀਤ ਤਾਂ ਦੋਨਾਂ ਛੋਟੇ ਭਰਾਵਾਂ ਨੂੰ ਖਿਡਾ ਹੀ ਰਿਹਾ ਸੀ। ਇਸ ਮੈਚ ਵਿੱਚ ਗੁਰਜੀਤ ਤੇ ਚਰਨ ਦੀ ਗੇਮ ਬਹੁਤ ਹੀ ਸਿਰੇ ਦੀ ਰਹੀ ਪਰ ਚਰਨ ਨੂੰ ਤਾਂ ਇਸ ਮੈਚ ਵਿੱਚ ਇੱਕ ਵੀ ਜੱਫਾ ਨਹੀਂ ਲੱਗਿਆ। ਇਸ ਮੈਚ ਵਿੱਚ ਭਿੰਦਾ ਮੁਠੱਡਿਆ ਵਾਲੇ ਤੇ ਬਲਵੀਰ ਬਲੇਨਾ ਵੀ ਵਧੀਆ ਖੇਡੇ। ਚਰਨ ਨੂੰ ਇਸ ਖੇਡ ਮੇਲੇ ਦਾ ਬੈਸਟ ਰੇਡਰ ਐਲਾਨਿਆ ਗਿਆ। 1983 ਤੱਕ ਆਪਣੀ ਖੇਡ ਨੂੰ ਚਾਲੂ ਰੱਖਿਆ। ਇਸ ਦੇ ਨਾਲੋ-ਨਾਲ ਫਾਰਮ ਦਾ ਕੰਮ ਕਾਰ ਵੀ ਵੱਡਾ ਹੋਣ ਲੱਗਾ। ਆਪਣੀ ਰੂਚੀ ਕਾਰੋਬਾਰ ਵੱਲ ਨੂੰ ਵਧੇਰੇ ਕਰ ਲਈ।

ਚਰਨ ਸਿੰਘ ਦਾ ਇੱਕ ਬੇਟਾ ਚਮਕੌਰ ਸਿੰਘ ਜੋ ਕਿ ਆਪਣੇ ਸਕੂਲਾਂ ਦੇ ਟਾਇਮ ਅਮਰੀਕਨ ਫੁੱਟਬਾਲ ਦਾ ਖਿਡਾਰੀ ਬਣਿਆ। ਪਹਿਲਾ-ਪਹਿਲਾ ਕੁਸ਼ਤੀ ਸ਼ੁਰੂ ਤਾਂ ਕੀਤੀ ਪਰ ਫੁੱਟਬਾਲ ਵੱਲ ਵੱਧ ਰੁਝਾਨ ਕੀਤਾ। ਹੁਣ ਫਾਰਮ ਦੇ ਕਾਰੋਬਾਰ ਵਿੱਚ ਹੱਥ ਵਟਾਉਣ ਲੱਗ ਗਿਆ।

ਗੁਰਜੀਤ ਸਿੰਘ ਪੁਰੇਵਾਲ

ਗੁਰਜੀਤ ਸਿੰਘ ਪੁਰੇਵਾਲ ਦਾ ਜਨਮ ਮਾਤਾ ਸੁਰਜੀਤ ਕੌਰ ਤੇ ਪਿਤਾ ਸ੍ਰ. ਹਰਬੰਸ ਸਿੰਘ ਪੁਰੇਵਾਲ ਦੇ ਘਰ 8 ਜੂਨ 1955 ਨੂੰ ਪਿੰਡ ਹਕੀਮਪੁਰ ਵਿੱਚ ਹੋਇਆ। ਖੇਡਾਂ ਦਾ ਮਾਹੌਲ ਘਰ ਵਿੱਚ ਪਹਿਲਾਂ ਹੀ ਸੀ ਕਿਉਂਕਿ ਬਾਬਾ ਉਧਮ ਸਿੰਘ ਤੋਂ ਲੈ ਕੇ ਅੱਗੇ ਪੋਤਿਆਂ ਵਿੱਚ ਵੀ ਖੇਡਾਂ ਬਾਰੇ ਅਤੇ ਚੰਗੇ ਇਨਸਾਨ ਬਨਣ ਲਈ ਚੰਗੀ ਸਿਹਤ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਵੱਡੇ ਵੀਰਾਂ ਮਲਕੀਤ ਅਤੇ ਚਰਨ ਨੂੰ ਦੇਖ ਕੇ ਅਤੇ ਉਹਨਾਂ ਦੀ ਪ੍ਰੇਰਨਾ ਸਦਕਾ ਖੇਡਾਂ ਦਾ ਜਜ਼ਬਾ ਦਿਲ ਅੰਦਰ ਘਰ ਕਰ ਗਿਆ।

ਹਾਈ ਸਕੂਲ ਮੁਕੰਦਪੁਰ ਪੜ੍ਹਦੇ ਨੂੰ ਬਾਕੀ ਦੇ ਸਕੂਲ ਆਪਣੇ ਵੱਲ ਨੂੰ ਖਿੱਚਣ ਲੱਗ ਪਏ। ਵੱਡੇ ਭਾਜੀ ਦੇ ਕਾਲਜ ਟਾਇਮ ਦੇ ਬਹੁਤ ਨਜ਼ਦੀਕ ਦੋਸਤ ਮਾਸਟਰ ਬਲਵੰਤ ਸਿੰਘ (ਗੜ੍ਹੀ ਮਹਾਂ ਸਿੰਘ) ਮੈਨੂੰ ਜਗਤਪੁਰ ਹਾਈ ਸਕੂਲ ਵਿੱਚ ਲੈ ਗਏ। ਉਸ ਟਾਇਮ ਸਕੂਲਾਂ ਦੇ ਲੈਵਲ 'ਤੇ ਗੇਮ ਬਹੁਤ ਉੱਪਰ ਸੀ। ਬਾਕੀ ਸਕੂਲਾਂ ਨੇ ਅਬਜੈਕਸ਼ਨ ਲਾ ਦਿੱਤਾ। ਸਕੂਲਾਂ ਵਿੱਚ ਖੇਡਣ ਤੋਂ ਵਾਂਝਾ ਰਹਿ ਗਿਆ। ਇਸੇ ਸਾਲ ਟਰਾਇਲ ਦੇ ਕੇ ਜਲੰਧਰ ਜ਼ਿਲ੍ਹਾ ਦੀ ਕਬੱਡੀ ਟੀਮ ਲਈ ਚੁਣਿਆ ਗਿਆ ਅਤੇ ਸਕੂਲਾਂ ਦੀ ਸਟੇਟ ਚੈਂਪੀਅਨਸ਼ਿਪ ਵਿੱਚ ਖੇਡਿਆ। ਜਲੰਧਰ ਨੇ ਪੰਜਾਬ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ।

ਦਸਵੀਂ ਪਾਸ ਕਰਨ ਤੋਂ ਬਾਅਦ ਸਿੱਖ ਨੈਸ਼ਨਲ ਕਾਲਜ ਬੰਗਾ ਵਿੱਚ ਆਪਣੀ ਖੇਡ ਦੇ ਦੋ ਸਾਲ ਡੀ. ਪੀ. ਈ. ਸਲਵਿੰਦਰ ਸਿੰਘ ਦੀ ਟਰੈਨਿੰਗ ਹੇਠ ਗੁਜ਼ਾਰੇ। ਇਥੇ ਨਾਲ ਦੇ ਕੋਚ ਜਗੀਰ ਸਿੰਘ ਪਹਿਲਵਾਨ ਨੇ ਵੀ ਮੰਗ ਕੀਤੀ ਕਿ ਬੰਗਿਆ ਨਾਲੋਂ ਸਾਡੇ ਕਾਲਜ ਜਲੰਧਰ ਆ ਜਾ। ਤਕੜੇ ਖਿਡਾਰੀਆਂ ਨਾਲ ਟਰੇਨਿੰਗ ਕਰਕੇ ਤਕੜੇ ਬਣੋਗੇ। ਫਿਰ 1976 ਵਿੱਚ ਖਾਲਸਾ ਕਾਲਜ ਮੈਂ ਅਤੇ ਮੇਰਾ ਜਿਗਰੀ ਦੋਸਤ ਲਹਿਬਰ ਉਹ ਵੀ ਉਸ ਟਾਇਮ ਕਬੱਡੀ ਦਾ ਚੋਟੀ ਦਾ ਖਿਡਾਰੀ ਸੀ। ਦੋਵੇਂ ਦਾਖਲ ਹੋ ਗਏ। ਉਸੇ ਸਾਲ ਵੀਰ ਮਲਕੀਤ ਵੀ ਕੈਨੇਡਾ ਤੋਂ ਇੰਡੀਆ ਗਿਆ ਸੀ। ਸਵੇਰ ਦੀ ਟਰੇਨਿੰਗ ਭਾਜੀ ਨਾਲ ਕਰਨੀ। ਸ਼ਾਮ ਦੀ ਟਰੇਨਿੰਗ ਕਾਲਜ ਦੀ ਟੀਮ ਨਾਲ ਕਰਨੀ। ਇਹਨਾਂ ਦਿਨਾਂ ਵਿੱਚ ਯੂਨੀਵਰਸਿਟੀ ਵਿੱਚ ਟੀਮਾਂ ਤਾਂ ਹੋਰ ਵੀ ਬਹੁਤ ਸਨ ਪਰ ਜੋ ਮੁਕਾਬਲਾ ਖਾਲਸਾ ਕਾਲਜ ਜਲੰਧਰ ਤੇ ਨਡਾਲਾ ਦੀਆਂ ਟੀਮਾਂ ਵਿੱਚ ਸੀ ਸ਼ਾਇਦ ਹੀ ਇਹੋ ਜਿਹੇ ਮੁਕਾਬਲੇ ਕਦੇ-ਕਦੇ ਦੇਖਣ ਨੂੰ ਮਿਲਦੇ ਹਨ। ਉਧਰ ਬਲਵਿੰਦਰ ਸਿੰਘ ਫਿੱਡਾ ਅਤੇ ਅਰਜਨ ਕਾਉਂਕੇ ਵਾਲੇ ਤੇ ਹੋਰ ਬਹੁਤ ਤਕੜੇ-ਤਕੜੇ ਖਿਡਾਰੀ ਇਧਰ ਮੈਂ ਪੰਡਤ ਚੱਕਾਂ ਵਾਲਾ ਭਿੰਦਾ, ਰੇਸ਼ਮ, ਲਹਿਬਰ ਜਾਫੀ, ਬਲਵੀਰ ਬਲੇਨਾ, ਸੁਰਜਨ, ਜਗਦੇਵ ਚਿੱਟੀ, ਕੁਲਵੰਤ ਅੱਛਤਰ ਲੱਖੀ ਤੱਖਰ ਸਨ। ਮੁਕਾਬਲਾ ਬਹੁਤ ਸਖਤ ਸੀ। ਅਸੀਂ ਫਿੱਡੂ ਹੋਰਾ ਦੀ ਟੀਮ ਨੂੰ ਫਾਇਨਲ ਵਿੱਚ ਹਰਾ ਕੇ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। ਇਸੇ ਤਰ੍ਹਾਂ ਅਗਲੇ ਸਾਲ ਵੀ ਦੋਹਾਂ ਟੀਮ ਦਾ ਫਾਇਨਲ ਮੈਚ ਹੋਇਆ। ਫਿਰ ਵੀ ਖਾਲਸਾ ਕਾਲਜ ਜੇਤੂ ਰਿਹਾ। ਇਸ ਸਾਲ ਕਾਲਜ ਦੀ ਟੀਮ ਦੀ ਕਪਤਾਨੀ ਵੀ ਕੀਤੀ।

ਇਹਨਾਂ ਦੋਨਾਂ ਸਾਲਾਂ ਵਿੱਚ ਹੋਰ ਵੀ ਕਈ ਵੱਡੇ-ਵੱਡੇ ਟੂਰਨਾਮੈਂਟ ਖੇਡੇ। ਜਿਨ੍ਹਾਂ ਵਿੱਚ ਅਨੰਦਪੁਰ ਸਾਹਿਬ ਜਗਤਪੁਰ ਅਤੇ ਹੋਰ ਕਈ ਸ਼ੌਅ ਮੈਚ ਖੇਡੇ। ਇਸੇ ਸਾਲ ਬੜੇ ਵੀਰੇ ਨੇ ਕੈਨੇਡਾ ਬੁਲਾ ਲਿਆ ਅਜੇ 21-22 ਸਾਲ ਦੀ ਉਮਰ ਸੀ।

1977 ਵਿੱਚ ਕੈਨੇਡਾ ਆ ਕੇ ਭਾਜੀ ਹੋਰਾਂ ਦੀ ਟੀਮ ਵਿੱਚ ਜੁਆਇਨ ਕੀਤਾ। ਫਰਵਰੀ 1978 ਵਿੱਚ ਵਿਆਹ ਬਲਵਿੰਦਰ ਕੌਰ ਨਾਲ ਹੋਇਆ ਕੈਨੇਡਾ ਆ ਕੇ ਪਹਿਲਾ ਮੈਚ ਬਹੁਤ ਮਾੜਾ ਲੱਗਾ। ਪਤਾ ਲੱਗਾ ਕਿ ਕੈਨੇਡਾ ਦੇ ਖਿਡਾਰੀ ਫਿਜ਼ੀਕਲੀ ਬਹੁਤ ਤਕੜੇ। ਇੰਡੀਆ ਦੇ ਟਕਨੀਕੀ ਮਨ ਵਿੱਚ ਧਾਰ ਲਿਆ ਕਿ ਪੂਰੀ ਮੇਹਨਤ ਕਰੇ। ਦੋਵੇਂ ਚੀਜ਼ਾਂ ਵਰਤੋਂ ਤਾਕਤ ਦੇ ਤਕਨੀਕ ਉਸ ਤੋਂ ਮਗਰੋਂ ਇਧਰ ਜਿੰਨੇ ਵੀ ਮੈਚ ਖੇਡੇ ਸਭ ਹਾਈ ਪ੍ਰਫਾਮੈਂਸ ਦਿਖਾਈ। ਪਹਿਲਾਂ-ਪਹਿਲਾਂ ਜਦੋਂ ਇੰਗਲੈਂਡ ਤੋਂ ਕਬੱਡੀ ਦੀ ਟੀਮ ਕੈਨੇਡਾ ਆਈ ਉਸ ਦੇ ਨਾਲ ਸਾਡੇ ਤਿੰਨ ਸ਼ਹਿਰਾਂ ਟਰਾਂਟੋ, ਵੈਨਕੂਵਰ ਤੇ ਇੰਡਮਿਨਟਨ ਵਿੱਚ ਮੁਕਾਬਲੇ ਜਿਨ੍ਹਾਂ ਵਿੱਚ ਦੋ ਟੂਰਨਾਮੈਂਟ ਵਿੱਚ ਗੁਰਜੀਤ ਸਿੰਘ ਪੁਰੇਵਾਲ ਨੂੰ ਬੈਸਟ ਰੇਡਰ ਐਲਾਨਿਆ ਗਿਆ।

ਬੜੇ ਮਾਣ ਦੀ ਗੱਲ ਹੈ ਕਿ ਇਹਨਾਂ ਸਾਲ ਵਿੱਚ ਕਦੇ ਵੀ ਕੋਈ ਵੀ ਇੰਟਰਨੈਸ਼ਨਲ ਟੂਰਨਾਮੈਂਟ ਹੋਵੇ ਅਸੀਂ ਤਿੰਨਾਂ ਭਰਾਵਾਂ ਨੇ ਕੈਨੇਡਾ ਦੀ ਟੀਮ ਦੀ ਅਗਵਾਈ ਕੀਤੀ। ਕੈਨੇਡਾ ਦੀ ਟੀਮ ਲਈ ਤਿੰਨ ਭਰਾਵਾਂ ਦਾ ਖੇਡਣਾ ਬਹੁਤ ਮਾਣ ਦੀ ਗੱਲ ਹੈ। 1977-78 ਤੋਂ ਲੈ ਕੇ 1986 ਤੱਕ ਆਪਣੀ ਗੇਮ ਨੂੰ ਕਾਇਮ ਰੱਖਿਆ। ਕਿਉਂਕਿ 1980 ਵਿੱਚ ਫਾਰਮ ਲੈ ਲਿਆ। ਕੰਮ ਦਾ ਵਜ਼ਨ ਵੀ ਚਾਹੀਦਾ ਸੀ। ਉਧਰ ਹੱਡ ਭੰਨਵੀਂ ਮੇਹਨਤ ਵੀ ਕਰਨੀ। ਹੋਰ ਸਮਾਂ ਗੇਮ ਨੂੰ ਟੌਪ ਤੇ ਰੱਖਣਾ ਬਹੁਤ ਮੁਸ਼ਕਿਲ ਸੀ। ਪਰ ਇਹ ਨਹੀਂ ਕਿ ਆਪ ਕਬੱਡੀ ਛੱਡ ਕੇ ਖੇਡਾਂ ਤੋਂ ਦੂਰ ਹੋ ਨਹੀਂ।

ਇਸ ਤੋਂ ਅਗਲੇ ਸਾਲ 1987 ਦਸੰਬਰ ਨੂੰ ਪਹਿਲੀ ਵਾਰ 10 ਸਾਲ ਬਾਅਦ ਆਪਣੀ ਜਨਮ ਭੂਮੀ ਜਿਸ ਮਿੱਟੀ ਵਿੱਚ ਆਪਣਾ ਬਚਪਨ ਤੇ ਜੁਆਨੀ ਮਾਣੀ ਸੀ ਪਿੰਡ ਆ ਕੇ ਸਾਡੇ ਪਿੰਡ ਦੇ ਮੁੰਡਿਆਂ ਨੂੰ ਰੋਜ਼ ਗਰਾਊਂਡ ਵਿੱਚ ਲੈ ਕੇ ਜਾਣਾ। ਦੁਬਾਰਾ ਪਿੰਡ ਦੀ ਟੀਮ ਨੂੰ ਸੁਰਜੀਤ ਕੀਤਾ। 1988 ਵਿੱਚ ਪਿੰਡ ਦੇ ਨੌਜੁਆਨਾਂ ਨਾਲ ਫੈਸਲਾ ਕੀਤਾ ਅਤੇ ਆਉਣ ਵਾਲੀ ਪਨੀਰੀ ਨੂੰ ਚੰਗੀ ਸੇਧ ਦੇਣ ਦਾ ਆਪਣੇ ਸਰੀਰ ਨੂੰ ਕਿਸ ਤਰ੍ਹਾਂ ਤਕੜਾ ਰੱਖਣਾ ਹੈ। ਆਪਣੇ ਬਜ਼ੁਰਗਾਂ ਨੂੰ ਇਹੀ ਸੱਚੀ ਸ਼ਰਧਾਂਜਲੀ ਹੈ ਕਿ ਉਹਨਾਂ ਦੀ ਯਾਦ ਵਿੱਚ ਉਹਨਾਂ ਦੀ ਯਾਦ ਨੂੰ ਖੇਡ ਮੇਲਾ ਸਮਰਪਿਤ ਕਰਦੇ। 1988 ਤੋਂ ਪਿੰਡ ਅਤੇ ਇਲਾਕੇ ਦੇ ਨੌਜਵਾਨਾਂ ਨੇ ਪੂਰੀ ਦ੍ਰਿੜ੍ਹਤਾ ਨਾਲ ਫੈਸਲਾ ਲਿਆ ਅਸੀਂ ਬਾਬਾ ਊਦਮ ਸਿੰਘ ਅਤੇ ਸ੍ਰ. ਹਰਬੰਸ ਸਿੰਘ ਯਾਦਗਾਰੀ ਖੇਡ ਮੇਲੇ ਦੀ ਜਿੰਦ ਜਾਨ ਬਣ ਕੇ ਅਸੀਂ ਤਨੋ ਅਤੇ ਮਨੋ ਇਸ ਖੇਡ ਮੇਲੇ ਨੂੰ ਸਿਖਰ ਦੀ ਚੋਟੀ 'ਤੇ ਲਿਜਾਣ ਵਿੱਚ ਸਾਥ ਦੇਵਾਂਗੇ। 1988 ਵਿੱਚ ਪਹਿਲੇ ਟੂਰਨਾਮੈਂਟ ਦਾ ਆਰੰਭ ਪਹਿਲੀ ਸ਼ੁਰੂਆਤ ਪ੍ਰੋ. ਮੱਖਣ ਸਿੰਘ ਦੀ ਸੁਰੀਲੀ ਆਵਾਜ਼ ਬਿੰਦਰ ਵਰਗੇ ਨੌਜਵਾਨਾਂ ਨੇ ਪੀ. ਆਰ. ਸੌਂਧੀ ਗੁਰਚਰਨ ਸਿੰਘ ਅਤੇ ਸਰਦੂਲ ਸਿੰਘ ਰੰਧਾਵਾਂ ਕੋਚਾਂ ਕਤਤਾਰ ਸਿੰਘ ਤੇ ਫਿੱਡੂ ਵਰਗੇ ਖਿਡਾਰੀਆਂ ਨੇ ਸਾਡੇ ਤਿੰਨਾਂ ਭਰਾਵਾਂ ਦੇ ਦਸਾਂ ਨਹੁੰਆਂ ਦੀ ਕਮਾਈ ਅਤੇ ਬਾਕੀ ਦੋਸਤ ਮਿੱਤਰ ਰਿਸ਼ਤੇਦਾਰ ਨੇ ਇਸ ਟੂਰਨਾਮੈਂਟ ਨੂੰ ਬਹੁਤ ਉੱਪਰ ਚੁੱਕਿਆ ਸੀ। ਹੁਣ ਇਹ ਟੂਰਨਾਮੈਂਟ ਆਪਣੀ ਇੱਕ ਮਿਸਾਲ ਦੁਨੀਆ ਭਰ ਲਈ ਚਾਨਣ ਮੁਨਾਰਾ ਬਣ ਚੁੱਕਾ ਹੈ।

ਗੁਰਦਾਵਰ ਸਿੰਘ ਪੁਰੇਵਾਲ

ਖਾਨਦਾਨੀ ਖਿਡਾਰੀ ਪਰਿਵਾਰ ਦੀ ਅਗਲੀ ਪੀੜ੍ਹੀ ਵਿੱਚ ਵੱਡੇ ਵੀਰ ਮਲਕੀਤ ਸਿੰਘ ਦੇ ਵੱਡੇ ਸਪੁੱਤਰਾਂ ਗੁਰਦਾਵਰ ਸਿੰਘ ਦਾ ਜਨਮ 1970 ਵਿੱਚ ਹੋਇਆ। ਕੈਨੇਡਾ ਦੀ ਧਰਤੀ ਦਾ ਜੰਮਪਲ ਗੁਰਦਾਵਰ ਵੀ ਕਬੱਡੀ ਖੇਡ ਨਾਲ ਜੁੜ ਗਿਆ ਅਤੇ ਵਿਦੇਸ਼ੀ ਖੇਡ ਫੁੱਟਬਾਲ ਦਾ ਵੀ ਸਕੂਲਾਂ ਦਾ ਵਧੀਆਂ ਖਿਡਾਰੀ ਰਿਹਾ ਹੈ। ਇਸੇ ਕਰਕੇ ਗੁਰਦਾਵਰ ਨੂੰ ਜੇ. ਸੀ. ਟੀ. ਦੀ ਟੀਮ ਲਈ ਵੀ ਆਫਰ ਆਈ ਸੀ। ਪਰ ਜ਼ਿਆਦਾ ਧਿਆਨ ਕਬੱਡੀ ਵੱਲ ਦਿੱਤਾ ਗਿਆ। 16 ਸਾਲ ਦੀ ਉਮਰ ਵਿੱਚ ਹੀ ਗੁਰਦਾਵਰ ਓਪਨ ਖਿਡਾਰੀਆਂ 'ਚ ਖੇਡਿਆ ਤੇ ਵਧੀਆ ਖੇਡ ਦਿਖਾਈ। 20 ਸਾਲ ਦੀ ਉਮਰ ਗੁਰਦਾਵਰ ਦੀ ਕਬੱਡੀ ਸਿਖਰ ਤੇ ਸੀ। ਉਹ ਟਰਾਂਟੋ ਕੱਪ ਤੇ ਵੈਨਕੂਵਰ ਕਲੱਬ ਵਿੱਚ ਖੇਡਿਆ ਅਤੇ ਕੈਨੇਡਾ ਦੀਆਂ ਟੀਮਾਂ 'ਚ ਸਭ ਤੋਂ ਤਕੜਾ ਖਿਡਾਰੀ ਰਿਹਾ। ਭਾਰਤ ਆ ਕੇ ਵੀ ਆਪਣੇ ਚਾਚਾ ਜੀ ਗੁਰਜੀਤ ਨਾਲ ਵੀ ਬਹੁਤ ਮੈਚਾਂ ਵਿੱਚ ਵਧੀਆ ਕਬੱਡੀ ਖੇਡਿਆ। ਕਬੱਡੀ ਲਈ ਛੱਡ ਕੇ ਬਲਿਊ ਬੇਰੀ ਫਾਰਮਜ਼ ਦੇ ਬਿਜਨੈਸ ਵਿੱਚ ਹੱਥ ਵਟਾਉਣ ਲੱਗਿਆ। ਗੁਰਦਾਵਰ ਸਿੰਘ ਦਾ ਵਿਆਹ 1996 ਵਿੱਚ ਹਰਪ੍ਰੀਤ ਕੌਰ ਨਾਲ ਹੋਇਆ।

ਹਰਮਨ ਸਿੰਘ ਪੁਰੇਵਾਲ

ਕਬੱਡੀ ਦੇ ਖੇਤਰ ਵਿੱਚ ਗੁਰਦਾਵਰ ਤੋਂ ਬਾਅਦ ਇੱਕ ਹੋਰ ਨਾਂ ਜੁੜਦਾ ਹੈ ਹਰਮਨ ਸਿੰਘ ਪੁਰੇਵਾਲ ਦਾ। 1972 ਵਿੱਚ ਜਨਮੇ ਹਰਮਨ ਦੇ ਨਾਮ ਉਹ ਕੀਰਤੀਮਾਨ ਹਨ ਜਿਹੜੇ ਉਸਨੇ ਕਬੱਡੀ ਦੀ ਦੁਨੀਆਂ ਦੇ ਸਭ ਤੋਂ ਤਕੜੇ ਧਾਵੀਆਂ ਨੂੰ ਵੱਖ-ਵੱਖ ਮੈਚਾਂ ਵਿੱਚ ਰੋਕ ਕੇ ਸਥਾਪਿਤ ਕੀਤੇ ਹਨ। ਹਰਮਨ ਸਿੰਘ ਨੇ 1994 ਵਿੱਚ ਕੈਲੇਫੋਰਨੀਆ ਸਟੇਟ 'ਚ ਹੋਏ ਟੂਰਨਾਮੈਂਟ ਵਿੱਚ ਉਸ ਵੇਲੇ ਸਿਰੇ ਦਾ ਇੱਕ ਮਾਅਰਕਾ ਮਾਰਿਆ ਜਿਸ ਵਿੱਚ ਕਬੱਡੀ ਦੀ ਇੱਕ ਰੇਡ ਲੱਖ ਰੁਪਏ ਤੋਂ ਉੱਪਰ ਰਪਿਆਂ ਦੀ ਹੋ ਨਿਬੜੀ ਹੈ। ਉਸ ਖਿਡਾਰੀ ਨੂੰ ਰੋਕਣ ਲਈ ਇਹ ਇਨਾਮ ਸੀ ਜਿਹੜਾ ਦੁਨੀਆਂ ਦਾ ਇੱਕ ਨੰਬਰ ਦਾ ਕਬੱਡੀ ਦਾ ਰੇਡਰ ਸੀ ਉਹ ਸੀ ਬਲਵਿੰਦਰ ਫਿੱਡੂ ਹਰਮਨ ਨੇ ਆਪਣੀ ਮਜ਼ਬੂਤ ਪਕੜ ਨਾਲ ਇਹ ਧਨ ਤਰ ਖਿਡਾਰੀ ਨੂੰ ਰੋਕਿਆ ਅਤੇ ਇਹ 4000 ਡਾਲਰ ਦਾ ਇਨਾਮ ਆਪਣੀ ਝੋਲੀ ਪੁਆਇਆ। ਹਰਮਨ ਦੇ ਚਾਚਾ ਜੀ ਸ੍ਰ. ਗੁਰਜੀਤ ਸਿੰਘ ਨੇ ਬੜੇ ਫਖਰ ਨਾਲ ਦੱਸਿਆ ਕਿ ਅਗਲੇ ਸਾਲ ਵੈਨਕੂਵਰ ਵਿੱਚ ਇੰਟਰਨੈਸ਼ਨਲ ਮੈਚ ਵਿੱਚ ਕਬੱਡੀ ਦੇ ਬਹੁਤ ਹੀ ਜ਼ਬਰਦਸਤ ਰੇਡਰ ਹਰਜੀਤ ਬਾਜਾਖਾਨਾ ਜਿਸ ਦੀ ਇੱਕ ਰੇਡ ਤੇ 5100 ਡਾਲਰ ਦਾ ਇਨਾਮ ਸੀ। ਉਸ ਨੂੰ ਹਰਜੀਤ ਨੂੰ ਦੋ ਵਾਰ ਇਸ ਵਿੱਚ ਮੈਚ ਦੌਰਾਨ ਰੋਕਿਆ ਪਹਿਲੇ ਸਾਰੇ ਮੈਚਾਂ ਵਿਚੋਂ ਹਰਜੀਤ ਕਿਸੇ ਵੀ ਮੈਚ ਵਿੱਚ ਨਹੀਂ ਰੁਕਿਆ ਜਿਸ ਫਾਇਨਲ ਮੈਚ ਵਿੱਚ ਵੀ ਹਰਮਨ ਨੇ ਵਧੀਆ ਖੇਡ ਦਿਖਾਉਂਦਿਆਂ ਉਸਨੂੰ ਰੋਕਿਆ। ਉਨ੍ਹਾਂ ਸਾਲਾਂ 'ਚ ਭਾਰਤ, ਇੰਗਲੈਂਡ ਤੇ ਹੋਰ ਖਿਡਾਰੀ ਭੀਮਾ, ਅੰਗਰੇਜ਼, ਸੱਬਾ ਫਿਰੋਜ਼ਪੁਰੀਆਂ ਆਦਿ ਵਧੀਆ ਰੇਡਰਾਂ ਨੂੰ ਵੀ ਹਰਮਨ ਨੇ ਰੋਕਿਆ। ਕਿਸੇ ਵੀ ਰੇਡਰ ਨੂੰ ਉਪਰੋਂ ਫੜਨ ਦੀ ਕਲਾ ਹਰਮਨ ਵਿੱਚ ਵੱਖਰੀ ਹੈ। ਹਰਮਨ ਨੇ ਹੁਣ ਤੱਕ ਇੰਡੀਆ ਆ ਕੇ ਵੀ ਕਈ ਮੈਚਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਈ ਅਤੇ ਪਾਕਿਸਤਾਨੀ ਟੀਮ ਵਿਰੁੱਧ ਵੀ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ।

ਚਮਕੌਰ ਸਿੰਘ ਪੁਰੇਵਾਲ

ਕਬੱਡੀ ਦਾ ਆਹਲਾ ਦਰਜੇ ਦਾ ਖਿਡਾਰੀ ਚਰਨ ਸਿੰਘ ਜਿਸ ਦੀ ਕਬੱਡੀ ਵਿੱਚ ਪੂਰੀ ਧੁੰਮ ਸੀ। ਉਸ ਦੇ ਲੜਕੇ ਚਮਕੌਰ ਨੇ ਵੀ ਖੇਡਾਂ ਵਿੱਚ ਪੂਰੀ ਦਿਲਚਸਪੀ ਦਿਖਾਉਂਦਿਆਂ ਸ਼ੁਰੂਆਤ ਕੁਸ਼ਤੀ ਤੋਂ ਕੀਤੀ ਅਤੇ ਵੱਧ ਧਿਆਨ ਅਮਰੀਕਨ ਫੁੱਟਬਾਲ ਵੱਲ ਦਿੱਤਾ। ਇਸ ਗੇਰਮ ਵਿੱਚ ਲੋੜੀਂਦੇ ਗੁਣ ਲੰਬਾ ਕੱਦ ਅਤੇ ਲਚਕੀਲਾ ਫੁਰਤੀਲਾ ਸਰੀਰ ਹੋਣ ਕਰਕੇ ਚਮਕੌਰ ਇਸ ਗੇਰਮ ਦਾ ਵਧੀਆ ਖਿਡਾਰੀ ਹੈ। ਭਵਿੱਖ ਵਿੱਚ ਵੀ ਇਸ ਖਿਡਾਰੀ ਤੋਂ ਪੁਰੇਵਾਲ ਪਰਿਵਾਰ ਨੂੰ ਵੱਡੀਆਂ ਉਮੀਦਾਂ ਹਨ। ਚਮਕੌਰ ਇਸ ਖੇਤਰ ਵਿੱਚ ਨਾਮ ਕਮਾਉਂਦਾ ਰਹੇਗਾ।

ਪਰਮਿੰਦਰ ਸਿੰਘ ਪੁਰੇਵਾਲ (ਪੈਰੀ)

ਪਰਮਿੰਦਰ ਸਿੰਘ ਪੁਰੇਵਾਲ (ਪੈਰੀ) ਦਾ ਜਨਮ 9 ਮਾਰਚ 1980 ਵੈਨਕੂਵਰ ਵਿੱਚ ਪਿਤਾ ਗੁਰਜੀਤ ਸਿੰਘ ਪੁਰੇਵਾਲ ਮਾਤਾ ਬਲਵਿੰਦਰ ਕੌਰ ਪੁਰੇਵਾਲ ਦੇ ਘਰ ਹੋਇਆ। ਖੇਡਾਂ ਦਾ ਸ਼ੌਕ ਮੁੱਢ ਤੋਂ ਹੀ ਸਾਰਾ ਪਰਿਵਾਰ ਖੇਡਾਂ ਦੇ ਮਾਹੌਲ ਵਿਚੱ ਹੀ ਗੁਜਰ ਰਿਹਾ ਸੀ। ਸਾਰਾ ਪਰਿਵਾਰ ਕਬੱਡੀ ਦੇ ਖੇਤਰ ਨਾਲ ਜੁੜਿਆ ਹੋਇਆ ਸੀ। ਪਰ ਸਾਡੇ ਮਨ ਵਿੱਚ ਸੀ ਕਿ ਇਸ ਨੂੰ ਕਬੱਡੀ ਦੇ ਨਾਲ-ਨਾਲ ਪਹਿਲਵਾਨੀ ਵੱਲ ਵੀ ਲਾਇਆ ਜਾਵੇ। ਉਹਨਾਂ ਦਿਨਾਂ ਵਿੱਚ ਸਤਨਾਮ ਸਿੰਘ ਜੌਹਲ ਦਾ ਇੱਕ ਅਖਾੜਾ ਸਰੀ ਵਿੱਚ ਚਲ ਰਿਹਾ ਸੀ। ਉਸ ਵਿੱਚ ਉਸ ਟਾਇਮ ਰਵੀ ਸੋਢੀ ਡੈਨੀਅਲ ਤੁਫਾਨ ਸਿੰਘ ਨਸੀਰ ਪਹਿਲਵਾਨ ਤੇ ਰਾਜੀ ਗੁੱਲ ਤੇ ਬਾਕੀ ਕਈ ਛੋਟੇ ਸਕੂਲਾਂ ਦੇ ਬੱਚੇ ਟਰੇਨਿੰਗ ਲੈ ਰਹੇ ਸਨ ਪੈਰੀ ਵੀ ਉਹਨਾਂ ਨਾਲ ਪ੍ਰੈਕਟਿਸ ਕਰਨ ਲੱਗਾ ਅਤੇ ਨਾਲੋਂ-ਨਾਲ ਇਹ ਸਕੂਲਾਂ ਦੇ ਟੂਰਨਾਮੈਂਟ ਵਿੱਚ ਵੀ ਭਾਗ ਲੈਣ ਲੱਗ ਪਿਆ। ਹੌਲੀ-ਹੌਲੀ ਜਿੱਤਾਂ ਵੱਲ ਵੱਧਣ ਲੱਗਾ। ਦਸਵੀਂ ਕਲਾਸ ਵਿੱਚ ਪੜ੍ਹਦੇ ਨੇ ਬੀ. ਸੀ. ਸਟੇਟ ਦੇ ਦਸਵੀਂ ਕਲਾਸ ਦੇ ਪਹਿਲਵਾਨਾਂ ਨੂੰ ਹਰਾ ਕੇ ਗੋਲਡ ਮੈਡਲ ਜਿੱਤਿਆ। ਇਹਨਾਂ ਦੇ ਨਾਲ-ਨਾਲ ਆਪਣੇ ਪੰਜਾਬੀ ਟੂਰਨਾਮੈਂਟ ਵਿੱਚ ਵੀ ਭਾਗ ਲੈਣਾ ਸ਼ੁਰੂ ਕੀਤਾ। 12 ਗਰੇਡ ਵਿੱਚ ਪੜ੍ਹਦੇ ਨੇ ਸਾਰੀ ਬੀ. ਸੀ. ਸਟੇਟ ਦੇ ਸਕੂਲਾਂ ਦੇ ਪਹਿਲਵਾਨਾਂ ਨੂੰ ਜਿੱਤ ਕੇ ਇਸ ਨੇ ਸਕੂਲਾਂ ਦਾ ਸਟੇਟ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਅਤੇ ਸਕੂਲਾਂ ਦੀਆਂ ਨੈਸ਼ਨਲ ਖੇਡਾਂ ਵਿੱਚ ਕੈਨੇਡਾ ਭਰ ਕੇ ਸਕੂਲਾਂ ਵਿੱਚੋਂ ਸਿਲਵਰ ਮੈਡਮਲ ਜਿਤਿਆ। ਇਹਨਾਂ ਦੇ ਨਾਲ-ਨਾਲ ਆਪਣੇ ਕੈਨੇਡਾ ਦੇ ਖੇਡ ਮੇਲਿਆਂ ਵਿੱਚੋਂ ਲਗਾਤਾਰ 3-4 ਸਾਲ 180 ਪੌਂਡ ਭਾਰ ਵਿੱਚੋਂ ਸਾਰੇ ਦੇ ਸਾਰੇ ਖੇਡ ਮੇਲੇ ਜਿੱਤੇ। ਦੋ ਸਾਲ ਭਾਰਤ ਵਿੱਚ ਜਾ ਕੇ ਹਕੀਮਪੁਰ ਦੇ ਖੇਡ ਮੇਲੇ ਵਿੱਚੋਂ ਭਾਰਤ ਕੁਮਾਰ ਦੇ ਟਾਈਟਲ ਦਾ 2 ਵਾਰ ਰਨਰ ਅੱਪ ਬਣਿਆ। ਪਿਛਲੇ ਦੋ ਕੁ ਸਾਲ ਤੋਂ ਆਪਣੇ ਛੋਟੇ ਭਾਰ ਤਜਿੰਦਰ ਸਿੰਘ ਨੇ ਪਹਿਲਵਾਨੀ ਵਿੱਚ ਪਾ ਕੇ ਆਪ ਹਰਨਾਮ ਤੇ ਗੁਰਦਾਵਰ ਨਾਲ ਕਬੱਡੀ ਵੱਲ ਨੂੰ ਮੋੜਾ ਮੋੜ ਲਿਆ। ਕਬੱਡੀ ਵਿੱਚ ਵੀ ਇਸ ਨੂੰ ਪਹਿਲੇ ਸਾਲ ਹੀ ਵੈਸਟਰਨ ਕਬੱਡੀ ਫੈਡਰੇਸ਼ਨ ਵਾਲਿਆਂ ਇਸ ਦੀ ਵਧੀਆ ਖੇਡ ਨੂੰ ਦੇਖ ਕੇ ਇਸ ਨੂੰ ਰੋਕੀ ਆਫ ਦੀ ਯੀਅਰ ਕੱਢਿਆ ਭਾਵ ਕਿ ਨਵੇਂ ਖਿਡਾਰੀਆਂ ਵਿੱਚੋਂ ਸਭ ਤੋਂ ਵਧੀਆ ਖਿਡਾਰੀ ਕੱਢਿਆ। ਹੁਣ ਲੱਗਦਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਕਬੱਡੀ ਨੂੰ ਹੀ ਪਹਿਲ ਦੇਵੇਗਾ।

ਤਜਿੰਦਰ ਸਿੰਘ ਪੁਰੇਵਾਲ

ਤਜਿੰਦਰ ਸਿੰਘ ਪੁਰੇਵਾਲ (ਟੈਰੀ ਪੁਰੇਵਾਲ) ਦਾ ਜਨਮ 22 ਮਾਰਚ 1986 ਨੂੰ ਮਾਤਾ ਬਲਵਿੰਦਰ ਕੌਰ ਜੀ ਦੀ ਕੁੱਖੋਂ ਪਿਤਾ ਗੁਰਜੀਤ ਸਿੰਘ ਦੇ ਘਰ ਹੋਇਆ। ਤਜਿੰਦਰ ਖਿਡਾਰੀ ਪਰਿਵਾਰ ਦਾ ਸਭ ਤੋਂ ਛੋਟਾ ਅਤੇ ਪਿਆਰਾ ਬੱਚਾ ਹੈ। ਅਜੇ ਟੈਰੀ ਚਾਰ ਕੁ ਸਾਲ ਦਾ ਹੀ ਸੀ ਫਗਵਾੜੇ ਮੱਖਣ ਸਿੰਘ ਟਿਮਾਨਾ ਦੇ ਘਰ ਪਹਿਲਵਾਨ ਕਰਤਾਰ ਸਿੰਘ ਤੋਂ ਗੁੜ੍ਹਤੀ ਲਈ ਅਤੇ ਪ੍ਰਮਾਤਮਾ ਤੋਂ ਅਰਦਾਸ ਕੀਤੀ ਕਿ ਇਹ ਇੱਕ ਦਿਨ ਅੱਛਾ ਪਹਿਲਵਾਨ ਬਣੇ।

ਤਜਿੰਦਰ ਨੇ ਆਪਣੇ ਵੱਡੇ ਭਰ ਪ੍ਰਮਿੰਦਰ ਨਾਲ ਅਖਾੜੇ ਵਿੱਚ ਜਾ ਕੇ ਕੁਸ਼ਤੀ ਦੇ ਦਾਅ-ਪੇਚ ਰਵੀ ਸੋਢੀ, ਨਸੀਰ, ਰਾਜੀ ਗੁੱਲ ਪਹਿਲਵਾਨਾ ਤੋਂ ਸਿੱਖਣ ਲੱਗ ਪਿਆ। ਹੌਲੀ-ਹੌਲੀ ਇਸ ਪਹਿਲਵਾਨ ਨੇ ਸਕੂਲਾਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲੱਗ ਪਿਆ। ਇਸ ਨੇ ਅੱਠਵੀਂ ਸਾਲ ਨੌਵੀਂ ਵਿੱਚ ਪੜ੍ਹਦੇ ਨੇ ਦਸਵੀਂ ਤੱਕ ਤੇ ਸਾਰੇ ਸਟੇਟ ਦੇ ਪਹਿਲਵਾਨਾਂ ਨੂੰ ਹਰਾ ਕੇ ਦਸਵੀਂ ਤੱਕ ਦਾ ਸਟੇਟ ਚੈਂਪੀਅਨ ਬਣਿਆ। ਦਸਵੀਂ ਕਲਾਸ ਵਿੱਚ ਪੜ੍ਹਦੇ ਨੇ 12ਵੀਂ ਕਲਾਸ ਤੱਕ ਦੇ ਸਾਰੀ ਬੀ. ਸੀ. ਦੇ ਚੈਂਪੀਅਨਸ਼ਿਪ 'ਚੋਂ ਸਿਲਵਰ ਮੈਡਲ ਜਿਤਿਆ ਅਤੇ ਇਸੇ ਸਾਲ ਇਸ ਨੇ ਆਪਣੇ ਪੰਜਾਬੀ ਟੂਰਨਾਮੈਂਟਾਂ ਵਿੱਚ ਬਾਲਕੇਸਰੀ ਦਾ ਟਾਈਟਲ ਟੂਰਨਾਮੈਂਟਾਂ ਵਿੱਚੋਂ ਜਿਤਿਆ। ਭਾਵ 16 ਸਾਲ ਤੱਕ ਦੇ ਬੱਚਿਆਂ ਵਿੱਚ ਗੋਲਡ ਮੈਡਲ ਜਿੱਤਿਆ। 2003 ਵਿੱਚ ਇਸ ਨੇ ਸਾਰੇ ਕੈਨੇਡਾ ਭਰ ਦੇ ਸਕੂਲਾਂ ਵਿੱਚ ਬਰਾਉਨ ਮੈਡਮ ਜਿੱਤਿਆ ਅਤੇ ਕੈਨੇਡਾ ਦੀ ਨੈਸ਼ਨਲ ਟੀਮ ਲਈ ਚੁਣਿਆ ਗਿਆ। ਇਸੇ ਸਾਲ ਇਸ ਨੇ ਕਿਊਬਾ ਦਾ ਟੂਰ ਕੀਤਾ ਅਤੇ ਉਥੇ ਵੀ ਆਪਣੇ ਭਾਰ ਦੇ ਪਹਿਲਵਾਨਾਂ ਨੂੰ ਜਿੱਤਿਆ। ਇਸ ਤੋਂ ਅਗਲੇ ਸਾਲ ਇਸ ਨੇ ਸਕੂਲਾਂ ਵਿੱਚ ਇੱਕ ਵੀ ਮੈਚ ਨਹੀਂ ਹਾਰਿਆ। ਸਭ ਤੋਂ ਵੱਡੀ ਪ੍ਰਾਪਤੀ ਇਸ ਸਾਈਮਨ ਪੈਰਜਰ ਯੂਨੀਵਰਸਿਟੀ ਵਿੱਚ ਹਰ ਸਾਲ ਸਕੂਲਾਂ ਦੇ ਪਹਿਲਵਾਨਾਂ ਦੇ ਮੁਕਾਬਲੇ ਕਰਾਏ ਜਾਂਦੇ ਹਨ ਜਿਸ ਵਿੱਚ ਅਮਰੀਕਾ ਅਤੇ ਹੋਰ ਸਟੇਟਾਂ ਦੇ ਵੀ ਪਹਿਲਵਾਨ ਆਉਂਦੇ ਹਨ। ਟੈਰੀ ਨੇ ਇਸ ਟੂਰਨਾਮੈਂਟ ਨੂੰ 8ਵੀਂ ਤੋਂ ਲੈ ਕੇ 12ਵੀਂ ਤੱਕ ਲਗਾਤਾਰ ਪੰਜ ਸਾਲ ਜਿੱਤ ਕੇ ਆਪਣੀ ਪੰਜਾਬੀ ਕਮਿਊਨਿਟੀ ਦਾ ਨਾਂ ਰੌਸ਼ਨ ਕੀਤਾ। ਇਸ ਤੋਂ ਬਾਅਦ ਬੀ. ਸੀ. ਚੈਂਪੀਅਨ ਜੋ ਕਿ ਐਬਸਟਫੋਰਡ ਵਿੱਚ ਹੋਈ 84 ਕਿਲੋਗ੍ਰਾਮ ਵਿੱਚ ਇਸ ਨੇ ਗੋਲਡ ਮੈਡਲ ਜਿੱਤ ਕੇ ਆਪਣੀ ਕੌਮ ਦਾ ਨਾਂ ਰੌਸ਼ਨ ਕੀਤਾ।

ਟੈਰੀ ਨੇ ਪੰਜਾਬ ਵਿੱਚ ਸਕੂਲਾਂ ਦੇ ਬੱਚਿਆਂ ਦੇ ਖੇਡ ਮੁਕਾਬਲਿਆਂ ਵਿੱਚ ਵੀ ਟਾਈਟਲ ਜਿੱਤਿਆ। 2004 ਤੋਂ ਬਾਅਦ ਟੈਰੀ ਨੂੰ ਡਿਸਕ ਦੀ ਦਰਦ ਦੀ ਸ਼ਿਕਾਇਤ ਸ਼ੁਰੂ ਹੋ ਗਈ। ਡਾਕਟਰਾਂ ਦੀ ਰਾਏ ਅਨੁਸਾਰ ਉਸਨੂੰ ਕੁਸ਼ਤੀ ਵਿੱਚ ਕੁਝ ਸਮੇਂ ਲਈ ਅਰਾਮ ਕਰਨ ਲਈ ਕਿਹਾ ਗਿਆ। ਹੁਣ ਫਿਰ ਟੈਰੀ ਕੁਸ਼ਤੀ ਵਿੱਚ ਦਿਲ ਲਾ ਕੇ ਮਿਹਨਤ ਕਰ ਰਿਹਾ ਹੈ। ਅਸੀਂ ਉਸ ਦਿਨ ਦੀ ਉਡੀਕ ਕਰਦੇ ਹਾਂ ਕਿ ਜਿਸ ਦਿਨ ਇਹ ਕੈਨੇਡਾ ਦੀ ਰੈਸਲਿੰਗ ਟੀਮ ਦੀ ਅਗਵਾਈ ਕਰੇ। ਪ੍ਰਮਾਤਮਾ ਤੋਂ ਅਰਦਾਸ ਕਰਦੇ ਹਾਂ ਕਿ ਇਸ ਤੇ ਮੇਹਰ ਭਰਿਆ ਹੱਥ ਰੱਖੇ। ਆਪਣੀ ਕੌਮ ਦਾ ਨਾਂ ਰੌਸ਼ਨ ਕਰੇ। ਆਮੀਨ!